ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ

99155-94111



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਮੰਗਲਵਾਰ, 31 ਮਈ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)








R.N.I. Punpun/29016/2008 ✲ ਸਾਲ : 14 ✲ ਅੰਕ : 440 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111


## ਨੇਪਾਲ ਹਵਾਈ ਹਾਦਸਾ 20 ਲਾਸ਼ਾਂ ਬਰਾਮਦ

**ਕਾਠਮੰਡੂ/ਲੋਕ ਬਾਣੀ**

ਨੇਪਾਲ ਦੀਆਂ ਪਹਾੜੀਆਂ ਵਿੱਚ ਮੁਸਤਾਂਗ ਜਿਲ੍ਹੇ 'ਚ ਹਾਦਸੇ ਦਾ ਸ਼ਿਕਾਰ ਹੋਏ 'ਤਾਰਾ ਏਅਰ' ਦੇ ਜਹਾਜ ਦੇ ਮਲਬੇ 'ਚੋਂ 20 ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ ਅਤੇ ਬਚਾਅ ਅਮਲੇ ਵੱਲੋਂ ਬਾਕੀ ਦੋ ਲਾਸ਼ਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਜਹਾਜ ਐਤਵਾਰ ਨੂੰ ਨੇਪਾਲ ਦੇ ਪੋਖਾਰਾ ਤੋਂ ਜੋਸਮਨ ਲਈ ਉਡਾਣ ਭਰਨ ਤੋਂ ਕੁਝ ਸਮੇਂ ਬਾਅਦ ਪਹਾੜੀਆਂ ਵਿੱਚ ਲਾਪਤਾ ਹੋ ਗਿਆ ਸੀ। ਇਸ ਵਿੱਚ 4 ਭਾਰਤੀਆਂ ਸਣੇ 22 ਜਣੇ ਸਵਾਰ ਸਨ। ਬਾਕੀ ਸਵਾਰਾਂ ਵਿੱਚੋਂ 13 ਨੇਪਾਲੀ, ਦੋ ਜਰਮਨ ਅਤੇ ਅਮਲੇ ਤਿੰਨ ਨੇਪਾਲੀ ਮੈਂਬਰ ਸ਼ਾਮਲ ਸਨ। ਜਹਾਜ਼ ਵਿਚ ਭਾਰਤ ਦੇ ਠਾਣੇ ਦੇ ਤ੍ਰਿਪਾਠੀ ਪਰਿਵਾਰ ਦੇ ਚਾਰ ਜਣੇ ਵੀ ਸਵਾਰ ਸਨ। ਉਹ ਪਰਿਵਾਰ ਸਣੇ ਛੁੱਟੀਆਂ ਬਿਤਾਉਣ ਨੇਪਾਲ ਗਏ ਸਨ। ਇਸ ਪਰਿਵਾਰ ਦੇ ਪਤੀ-ਪਤਨੀ ਦਾ ਤਲਾਕ ਹੋਣ ਵਾਲਾ ਸੀ ਤੇ ਤਲਾਕ ਤੋਂ ਪਹਿਲਾਂ ਅਦਾਲਤ ਨੇ ਪਰਿਵਾਰ ਨੂੰ 10 ਦਿਨ ਇਕੱਠੇ ਬਿਤਾਉਣ ਲਈ ਕਿਹਾ ਸੀ। ਇਨ੍ਹਾਂ ਦੀ ਪਛਾਣ ਅਸ਼ੋਕ ਤ੍ਰਿਪਾਠੀ 51 ਸਾਲ, ਪਤਨੀ ਵੈਭਵੀ 51 ਸਾਲ, ਲੜਕਾ ਧਨੁਸ਼ ਤੇ ਲੜਕੀ ਰਿਤਿਕਾ ਵਜੋਂ ਹੋਈ ਹੈ।



## ਐਨਕਾਊਂਟਰ ਦਾ ਡਰ ਗੈਂਗਸਟਰ ਲਾਰੇਂਸ ਬਿਸ਼ਨੋਈ ਪਹੁੰਚਿਆ ਕੋਰਟ



ਗੈਂਗਸਟਰ ਲਾਰੇਂਸ ਬਿਸ਼ਨੋਈ ਨੂੰ ਪੰਜਾਬ ਪੁਲਿਸ ਵੱਲੋਂ ਐਨਕਾਊਂਟਰ ਕੀਤੇ ਜਾਣ ਦਾ ਡਰ ਹੈ। ਬਿਸ਼ਨੋਈ ਨੇ ਇਸ ਮੁੱਦੇ ਉਤੇ ਐਨਆਈਏ ਕੋਰਟ ਵਿਚ ਪਟੀਸ਼ਨ ਪਾਈ ਗਈ ਹੈ। ਹਾਲਾਂਕਿ ਅਦਾਲਤ ਨੇ ਇਸ ਪਟੀਸ਼ਨ ਨੂੰ ਨਾਲ ਦੀ ਨਾਲ ਸੁਣਵਾਈ ਤੋਂ ਇਨਕਾਰ ਕਰ ਦਿੱਤਾ ਹੈ।

ਦੱਸ ਦਈਏ ਕਿ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਿੰਮੇਵਾਰੀ ਲਾਰੇਂਸ ਬਿਸ਼ਨੋਈ ਗੈਂਗ ਨੇ ਲਈ ਹੈ। ਹੁਣ ਗੈਂਗਸਟਰ ਲਾਰੇਂਸ ਬਿਸ਼ਨੋਈ ਨੂੰ ਪੰਜਾਬ ਪੁਲਿਸ ਵੱਲੋਂ ਐਨਕਾਊਂਟਰ ਕੀਤੇ ਜਾਣ ਦਾ ਡਰ ਹੈ।

## ਸੁਰੱਖਿਆ ਵਾਪਸੀ ਦੇ ਦਸਤਾਵੇਜ ਲੀਕ ਹੋਣ 'ਤੇ ਐਚ.ਸੀ. ਨੇ ਪੰਜਾਬ ਸਰਕਾਰ ਨੂੰ ਕੀਤਾ ਜਵਾਬ ਤਲਬ



**ਚੰਡੀਗੜ੍ਹ/ਲੋਕ ਬਾਣੀ**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਸੁਰੱਖਿਆ ਵਾਪਸ ਲਏ ਜਾਣ ਦਾ ਮੁੱਦਾ ਪੰਜਾਬ ਹਰਿਆਣਾ ਹਾਈਕੋਰਟ ਪੁੱਜ ਗਿਆ ਹੈ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਜਵਾਬ ਤਲਬ ਕੀਤਾ ਹੈ ਕਿ ਵਿਧਾਇਕਾਂ ਕੋਲੋਂ ਲਈ ਸੁਰੱਖਿਆ ਵਾਪਸੀ ਦੇ ਦਸਤਾਵੇਜ਼ ਲੀਕ ਕਿਵੇਂ ਹੋਏ ਹਨ। ਸੁਰੱਖਿਆ ਵਾਪਸੀ ਦਾ ਮੁੱਦਾ ਹਾਈਕੋਰਟ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੀਰ ਸਿੰਘ ਲੋਪੋਕੇ ਨੇ ਰੱਖਿਆ ਹੈ। ਉਨ੍ਹਾਂ ਸੁਰੱਖਿਆ ਨੂੰ ਲੈ ਕੇ ਪਟੀਸ਼ਨ ਦਾਖਲ ਕੀਤੀ ਹੈ, ਜਿਸ ਪਿੱਛੋਂ ਅਦਾਲਤ ਨੇ ਉਨ੍ਹਾਂ ਦੇ 2 ਸੁਰੱਖਿਆ ਕਰਮੀ ਬਹਾਲ ਕੀਤੇ ਹਨ।

## ਸਿੱਧੂ ਮੂਸੇਵਾਲਾ ਦਾ ਦੁਪਹਿਰ 12 ਵਜੇ ਹੋਵੇਗਾ ਅੰਤਿਮ ਸੰਸਕਾਰ

**ਮਾਨਸਾ/ਲੋਕ ਬਾਣੀ**



ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਸੋਸ਼ਲ ਮੀਡੀਆ ਅਕਾਊਂਟ ਤੋਂ ਇਕ ਪੋਸਟ ਸਾਂਝੀ ਕਰ ਉਨ੍ਹਾਂ ਦੇ ਅੰਤਿਮ ਦਰਸ਼ਨਾਂ ਅਤੇ ਸਸਕਾਰ ਨੂੰ ਲੈ ਕੇ ਜਾਣਕਾਰੀ ਦਿੱਤੀ ਗਈ ਹੈ। ਸਿੱਧੂ ਮੂਸੇਵਾਲਾ ਦੇ ਫੇਸਬੁੱਕ ਅਕਾਊਂਟ ਰਾਹੀਂ ਪੋਸਟ ਪਾ ਕੇ ਦੱਸਿਆ ਗਿਆ ਹੈ ਕਿ ਸਿੱਧੂ ਮੂਸੇਵਾਲਾ ਦੇ ਅੰਤਿਮ ਦਰਸ਼ਨ ਸਵੇਰੇ ਸਾਢੇ 8 ਵਜੇ ਤੇ ਅੰਤਿਮ ਸੰਸਕਾਰ ਦੁਪਹਿਰ 12 ਵਜੇ ਹੋਵੇਗਾ। ਜ਼?ਕਿਰਯੋਗ ਹੈ ਕਿ ਸਿੱਧੂ ਮੂਸੇਵਾਲਾ ਦੇ ਪੋਸਟਮਾਰਟਮ ਲਈ 5 ਡਾਕਟਰਾਂ ਦਾ ਪੈਨਲ ਬਣਾਇਆ ਗਿਆ ਸੀ।

## ਤੇਜ ਹਨੇਰੀ ਕਾਰਨ ਜ਼ਾਮਾ ਮਸਜਿਦ ਦਾ ਗੁੰਬਦ ਟੁੱਟਿਆ

**ਨਵੀਂ ਦਿੱਲੀ/ਲੋਕ ਬਾਣੀ:** ਰਾਸ਼ਟਰੀ ਰਾਜਧਾਨੀ ਦਿੱਲੀ 'ਚ ਅਚਾਨਕ ਮੌਸਮ ਬਦਲ ਗਿਆ ਅਤੇ ਆਸਮਾਨ 'ਚ ਕਾਲੇ ਬੱਦਲ ਛਾ ਗਏ। ਹਨੇਰੀ ਤੇ ਉਸ ਤੋਂ ਬਾਅਦ ਹੋਈ ਭਾਰੀ ਬਾਰਿਸ ਕਾਰਨ ਇਤਿਹਾਸਕ ਜਾਮਾ ਮਸਜਿਦ ਦੇ ਗੁੰਬਦ ਅਤੇ ਹੋਰ ਹਿੱਸਿਆਂ ਨੂੰ ਨੁਕਸਾਨ ਪਹੁੰਚਿਆ। ਜਾਮਾ ਮਸਜਿਦ ਦੇ ਸਾਹੀ ਇਮਾਮ ਸਈਅਦ ਅਹਿਮਦ ਬੁਖਾਰੀ ਨੇ ਦੱਸਿਆ ਕਿ ਮਸਜਿਦ ਦੇ ਇਕ ਮੀਨਾਰ ਅਤੇ ਦੂਜੇ ਹਿੱਸਿਆਂ ਤੋਂ ਪੱਥਰ ਡਿੱਗਣ ਨਾਲ 2 ਲੋਕ ਜਖਮੀ ਹੋ ਗਏ। ਬੁਖਾਰੀ ਨੇ ਕਿਹਾ, "ਮੁੱਖ ਗੁੰਬਦ ਦਾ ਕਲਸ ਟੁੱਟ ਗਿਆ ਅਤੇ ਡਿੱਗ ਗਿਆ। ਨੁਕਸਾਨ ਤੋਂ ਬਚਣ ਲਈ ਇਸ ਨੂੰ ਤੁਰੰਤ ਠੀਕ ਕਰਨ ਦੀ ਲੋੜ ਹੈ। ਮਸਜਿਦ ਦੇ ਢਾਂਚੇ 'ਚੋਂ ਕੁਝ ਹੋਰ ਪੱਥਰ ਵੀ ਡਿੱਗ ਪਏ। ਮੈਂ ਭਾਰਤੀ ਪੁਰਾਤੱਤਵ ਸਰਵੇਖਣ (ਏ.ਐੱਸ.ਆਈ.) ਦੀ ਮਦਦ ਨਾਲ ਮਸਜਿਦ ਦੀ ਤੁਰੰਤ ਮੁਰੰਮਤ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਾਂਗਾ।"





## ਰੂਸ ਨੇ ਕੀਤੀ ਜੋਰਦਾਰ ਬੰਬਾਰੀ

**ਪੋਕਰੋਵਸਕ/ਲੋਕ ਬਾਣੀ**

ਪੂਰਬੀ ਯੂਕਰੇਨ ਦੇ ਸ਼ਹਿਰ ਸਿਵੀਅਰੋਦੋਨੇਤਸਕ 'ਤੇ ਰੂਸ ਨੇ ਜੋਰਦਾਰ ਬੰਬਾਰੀ ਕਰਕੇ ਹਮਲਾ ਬੋਲਿਆ ਹੈ। ਰੂਸੀ ਫੌਜ ਪੂਰਬੀ ਯੂਕਰੇਨ 'ਚ ਤੈਅ ਕੀਤੇ ਗਏ ਆਪਣੇ ਨਿਸ਼ਾਨਿਆਂ ਵੱਲ ਲਗਾਤਾਰ ਅੱਗੇ ਵਧ ਰਹੀ ਹੈ। ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਦੂਜਾ ਸਭ ਤੋਂ ਛੋਟਾ ਸ਼ਹਿਰ ਲਾਇਮੈਨ ਇਸ ਹਫਤੇ 'ਮੁਕੰਮਲ ਤੌਰ 'ਤੇ ਆਜਾਦ' ਕਰਵਾ ਲਿਆ ਗਿਆ ਹੈ। ਸਿਵੀਅਰੋਦੋਨੇਤਸਕ 'ਚ ਗਹਿਗੱਚ ਜੰਗ ਦੌਰਾਨ ਬਿਜਲੀ ਅਤੇ ਸੈੱਲਫੋਨ ਸੇਵਾਵਾਂ ਠੱਪ ਹੋ ਗਈਆਂ ਹਨ। ਰੂਸ ਨੇ ਲਿਸੀਚਾਂਸਕ 'ਚ ਵੀ ਹਮਲੇ ਤੇਜ ਕਰ ਦਿੱਤੇ ਹਨ।



## ਬੰਗਲਾਦੇਸ਼ ਅਤੇ ਭਾਰਤ ਦਰਮਿਆਨ ਰੇਲ ਸੇਵਾ ਮੁੜ ਸ਼ੁਰੂ

**ਢਾਕਾ/ਲੋਕ ਬਾਣੀ**

ਬੰਗਲਾਦੇਸ਼ ਅਤੇ ਭਾਰਤ ਦਰਮਿਆਨ ਰੇਲ ਸੇਵਾ ਅੱਜ ਤੋਂ ਮੁੜ ਸ਼ੁਰੂ ਹੋ ਗਈ। ਕਰੋਨਾ ਮਹਾਮਾਰੀ ਕਾਰਨ ਇਹ ਰੇਲ ਸੇਵਾ ਦੋ ਸਾਲ ਤੋਂ ਬੰਦ ਸੀ ਅਤੇ ਹੁਣ "ਮੈਤਰੀ ਐਕਸਪ੍ਰੈੱਸ" ਅਤੇ "ਬੰਧਨ ਐੱਕਸਪ੍ਰੈੱਸ" ਮੁੜ ਚੱਲ ਪਈਆਂ ਹਨ। ਇਹ ਜਾਣਕਾਰੀ ਬੰਗਲਾਦੇਸ਼ ਰੇਲਵੇ ਦੇ ਅਧਿਕਾਰੀਆਂ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਢਾਕਾ ਅਤੇ ਕੋਲਕਾਤਾ ਦਰਮਿਆਨ "ਮੈਤਰੀ ਰੇਲ ਸੇਵਾ" ਅੱਜ ਢਾਕਾ ਛਾਉਣੀ ਸ਼ਟੇਸ਼ਨ ਤੋਂ ਬਹਾਲ ਹੋ ਗਈ। ਬੰਗਲਾਦੇਸ਼ ਰੇਲਵੇ ਦੇ ਇੱਕ ਤਰਜਮਾਨ ਨੇ ਕਿਹਾ, "ਢਾਕਾ ਛਾਉਣੀ ਰੇਲਵੇ ਸਟੇਸ਼ਨ ਤੋਂ ਰੇਲਗੱਡੀ 165 ਯਾਤਰੀਆਂ ਨੂੰ ਲੈ ਕੇ ਰਵਾਨਾ ਹੋਈ। ਇਹ ਸੋਮਵਾਰ ਨੂੰ ਵਾਪਸੀ ਕਰੇਗੀ ਅਤੇ ਢਾਕਾ ਪਹੁੰਚੇਗੀ।" ਉਨ੍ਹਾਂ ਦੱਸਿਆ ਕਿ ਇਸ ਰੇਲ ਸਫਰ 'ਤੇ ਲਗਭਗ 8 ਘੰਟੇ ਦਾ ਸਮਾਂ ਲੱਗਦਾ ਹੈ। ਬੰਗਲਾਦੇਸ਼ ਰੇਲਵੇ ਦੇ ਡਾਇਰੈਕਟਰ ਜਨਰਲ ਧੀਰੇਂਦਰ ਨਾਥ ਮਜੂਮਦਾਰ ਨੇ ਕਿਹਾ ਕਿ ਹੁਣ ਇਹ ਰੇਲਗੱਡੀ ਹਫਤੇ ਵਿੱਚ ਪੰਜ ਦਿਨ ਚੱਲੇਗੀ।

## ਮੁੰਬਈ ਬੰਬ ਧਮਾਕਾ ਮਾਮਲਾ, 4 ਦੋਸ਼ੀ ਨਿਆਇਕ ਹਿਰਾਸਤ 'ਚ ਭੇਜੇ

**ਮੁੰਬਈ/ਲੋਕ ਬਾਣੀ:-** ਮੁੰਬਈ ਦੀ ਇਕ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਨੇ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚ ਇਸ ਮਹੀਨੇ ਦੀ ਸ਼ੁਰੂਆਤ ਵਿਚ ਗੁਜਰਾਤ ਤੋਂ ਗ੍ਰਿਫਤਾਰ ਕੀਤੇ ਗਏ 4 ਵਿਅਕਤੀਆਂ ਨੂੰ ਸੋਮਵਾਰ ਨੂੰ 14 ਦਿਨਾਂ ਦੀ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ। ਮੁੰਬਈ ਦੇ ਰਹਿਣ ਵਾਲੇ 4 ਦੋਸ਼ੀਆਂ-ਅਬੂ ਬਕਰ, ਸਈਅਦ ਕੁਰੈਸ਼ੀ, ਮੁਹੰਮਦ ਸ਼ੋਏਬ ਕੁਰੈਸ਼ੀ ਅਤੇ ਮੁਹੰਮਦ ਯੂਸੁਫ ਇਸਮਾਈਲ ਨੂੰ ਗੁਜਰਾਤ ਅੱਤਵਾਦ ਰੋਕੂ ਦਸਤੇ (ਏ. ਟੀ. ਐੱਸ.) ਨੇ 12 ਮਈ ਨੂੰ ਅਹਿਮਦਾਬਾਦ ਦੇ ਸਰਦਾਰਨਗਰ ਇਲਾਕੇ ਤੋਂ ਇਕ ਵਿਸ਼ੇਸ਼ ਗੁਪਤ ਸੂਚਨਾ ਤੋਂ ਬਾਅਦ ਫੜਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਸੀ. ਬੀ. ਆਈ. ਨੂੰ ਸੌਂਪ ਦਿੱਤਾ ਗਿਆ ਸੀ, ਜੋ ਲੜੀਵਾਰ ਬੰਬ ਧਮਾਕਾ ਮਾਮਲੇ ਦੀ ਜਾਂਚ ਕਰ ਰਿਹਾ ਹੈ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਗੈਰ-ਕਾਨੂੰਨੀ ਰੂਪ ਨਾਲ ਆਸਾਮ ਆਉਣ 26 ਸ਼ੱਕੀ ਰੋਹਿੰਗੀ ਹਿਰਾਸਤ 'ਚ ਲਏ

**ਸਿਲਚਰ/ਲੋਕ ਬਾਣੀ**

ਆਸਾਮ ਪੁਲਸ ਨੇ ਮਿਆਂਮਾਰ ਦੇ 26 ਸ਼ੱਕੀ ਰੋਹਿੰਗਿਆ ਲੋਕਾਂ ਨੂੰ ਨੌਕਰੀਆਂ ਦੀ ਭਾਲ ਵਿਚ 'ਗੈਰ-ਕਾਨੂੰਨੀ ਢੰਗ ਨਾਲ ਕਛਾਰ ਜ਼ਿਲ੍ਹੇ ਵਿਚ ਦਾਖਲ ਹੋਣ' ਦੇ ਦੋਸ਼ ਵਿਚ ਹਿਰਾਸਤ 'ਚ ਲਿਆ ਹੈ। ਇਕ ਪੁਲਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਤਿੰਨ ਪਰਿਵਾਰਾਂ ਦੇ 26 ਲੋਕ ਕਥਿਤ ਤੌਰ 'ਤੇ ਗੁਹਾਟੀ ਤੋਂ ਤਿੰਨ ਵਾਹਨਾਂ 'ਚ ਸਵਾਰ ਹੋ ਕੇ ਇੱਥੇ ਪੁੱਜੇ ਸਨ ਅਤੇ ਜੰਮੂ ਤੋਂ ਰੇਲਗੱਡੀ ਰਾਹੀਂ ਕਾਮਾਖਿਆ ਰੇਲਵੇ ਸਟੇਸ਼ਨ ਆਏ ਸਨ। ਪੁਲਸ ਨੇ ਸਿਲਚਰ



ਸ਼ਹਿਰ ਨੇੜੇ ਐਤਵਾਰ ਨੂੰ ਨਿਯਮਿਤ ਤਲਾਸ਼ੀ ਦੌਰਾਨ ਕਾਰਾਂ ਨੂੰ ਰੋਕਿਆ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ, ਕਿਉਂਕਿ ਉਨ੍ਹਾਂ ਕੋਲ ਦੇਸ਼ ਵਿਚ ਦਾਖਲ ਹੋਣ ਲਈ ਜਾਇਜ ਦਸਤਾਵੇਜ ਨਹੀਂ ਸਨ। ਪੁਲਸ ਸੁਪਰਡੈਂਟ (ਕਛਾਰ) ਰਮਨਦੀਪ ਕੌਰ ਨੇ ਦੱਸਿਆ ਕਿ ਹਿਰਾਸਤ 'ਚ ਲਏ ਗਏ ਵਿਅਕਤੀਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੇ 6 ਪੁਰਸ਼ਾਂ ਅਤੇ 6 ਔਰਤਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ। ਉਨ੍ਹਾਂ ਕਿਹਾ ਕਿ 7 ਬੱਚਿਆਂ ਨੂੰ ਉਨ੍ਹਾਂ ਦੀ ਮਾਂ ਕੋਲ ਰਹਿਣ ਦੀ ਇਜਾਜਤ ਦਿੱਤੀ ਗਈ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਸੱਤ ਬੱਚਿਆਂ ਨੂੰ ਆਬਜਰਵੇਸ਼ਨ ਹੋਮ ਭੇਜਿਆ ਗਿਆ ਹੈ। ਕੌਰ ਨੇ ਕਿਹਾ ਕਿ ਹਿਰਾਸਤ 'ਚ ਲਏ ਗਏ ਵਿਅਕਤੀਆਂ ਦੇ ਇੱਥੋਂ ਦੇ ਕੁਝ ਸਥਾਨਕ ਲੋਕਾਂ ਨਾਲ ਸੰਪਰਕ ਹੋ ਸਕਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਕੰਮ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਥਾਨਕ ਵਿਅਕਤੀਆਂ ਨੂੰ ਫੜਨ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਯਤਨ ਜਾਰੀ ਹਨ। ਇਕ ਹੋਰ ਪੁਲਸ ਅਧਿਕਾਰੀ ਨੇ ਦੱਸਿਆ ਕਿ ਤਿੰਨ ਪਰਿਵਾਰ ਕਥਿਤ ਤੌਰ 'ਤੇ 2012 ਵਿਚ ਪੱਛਮੀ ਬੰਗਾਲ ਸਰਹੱਦ ਰਾਹੀਂ ਬੰਗਲਾਦੇਸ਼ ਤੋਂ ਦੇਸ਼ ਵਿਚ ਦਾਖਲ ਹੋਏ ਸਨ ਅਤੇ ਪਹਿਲਾਂ ਮਾਲਦਾ ਵਿਚ ਸ਼ਰਨ ਲਈ ਅਤੇ ਫਿਰ ਜੰਮੂ ਚਲੇ ਗਏ ਸਨ।

## ਦਿੱਲੀ 'ਚ ਮੌਸਮ ਦਾ ਬਦਲਿਆ ਮਿਜਾਜ, ਤੇਜ ਹਵਾਵਾਂ ਨਾਲ ਪਿਆ ਮੋਹਲੇਧਾਰ ਮੀਂਹ

**ਨਵੀਂ ਦਿੱਲੀ/ਲੋਕ ਬਾਣੀ**

ਦਿੱਲੀ 'ਚ ਸੋਮਵਾਰ ਨੂੰ ਤੇਜ ਹਵਾਵਾਂ ਦੇ ਨਾਲ ਮੋਹਲੇਧਾਰ ਮੀਂਹ ਪਿਆ, ਜਿਸ ਕਾਰਨ ਕਈ ਥਾਵਾਂ 'ਤੇ ਬਿਜਲੀ ਬੰਦ ਹੋ ਗਈ। ਮੌਸਮ ਵਿਚ ਆਈ ਤਬਦੀਲੀ ਕਾਰਨ ਪੈ ਰਹੀ ਕੜਾਕੇ ਦੀ ਗਰਮੀ ਤੋਂ ਪਰੇਸ਼ਾਨ ਦਿੱਲੀ ਵਾਸੀਆਂ ਨੂੰ ਕੁਝ ਰਾਹਤ ਮਿਲੀ ਹੈ। ਮੀਂਹ ਦੇ ਨਾਲ ਬੱਦਲ ਵੀ ਗਰਜੇ ਅਤੇ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਤੇਜ ਹਵਾਵਾਂ ਚੱਲੀਆਂ। ਤੇਜ ਹਵਾਵਾਂ ਕਾਰਨ



ਬਹਾਦਰ ਸ਼ਾਹ ਜਫਰ ਮਾਰਗ 'ਤੇ ਸਥਿਤ ਐਕਸਪ੍ਰੈਸ ਬਿਲਡਿੰਗ ਦੇ ਕਈ ਏਸੀ ਯੂਨਿਟ ਟੁੱਟ ਕੇ ਲਟਕ ਗਏ। ਇਕ ਪੱਤਰਕਾਰ ਨੇ ਟਵਿੱਟਰ 'ਤੇ ਇਕ ਸੰਖੇਪ ਵੀਡੀਓ ਸਾਂਝੀ ਕੀਤੀ, ਜਿਸ ਵਿਚ ਇਮਾਰਤ 'ਚ ਕਈ ਮੀਡੀਆ ਸੰਸਥਾਵਾਂ ਦੇ ਏਸੀ ਯੂਨਿਟ ਲਟਕਦੇ ਦਿਖਾਈ ਦੇ ਰਹੇ ਹਨ। ਇਸ ਤੋਂ ਪਹਿਲਾਂ ਰਾਸ਼ਟਰੀ ਰਾਜਧਾਨੀ ਵਿਚ ਸੋਮਵਾਰ ਸਵੇਰੇ ਘੱਟੋ-ਘੱਟ ਤਾਪਮਾਨ 27.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ, ਜੋ ਆਮ ਨਾਲੋਂ ਇਕ ਡਿਗਰੀ ਵੱਧ ਸੀ। ਮੌਸਮ ਵਿਭਾਗ ਨੇ ਦਿਨ ਸਮੇਂ ਸ਼ਹਿਰ 'ਚ ਬੱਦਲ ਛਾਏ ਰਹਿਣ ਦੀ ਭਵਿੱਖਬਾਣੀ ਕੀਤੀ ਸੀ।

## 5 ਜਮਾਤਾਂ ਪਾਸ ਠੱਗ, ਏ. ਟੀ. ਐੱਮ. ਕਾਰਡ ਬਦਲ ਕੇ ਕਢਵਾਉਂਦਾ ਸੀ ਪੈਸੇ



**ਸੰਗਰੂਰ/ਲੋਕ ਬਾਣੀ**

ਏ. ਟੀ. ਐੱਮ. ਕਾਰਡ ਬਦਲ ਕੇ ਲੋਕਾਂ ਦੇ ਪੈਸੇ ਕਢਵਾਉਣ ਵਾਲੇ ਠੱਗ ਨੂੰ ਪੁਲਸ ਨੇ ਕਾਬੂ ਕਰਕੇ ਇਸ ਪਾਸੋਂ 60 ਵੱਖ-ਵੱਖ ਬੈਂਕਾਂ ਦੇ ਏ. ਟੀ. ਐੱਮ. ਕਾਰਡ ਬਰਾਮਦ ਕੀਤੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ ਸੰਗਰੂਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮੁਖਬਰੀ ਦੇ ਆਧਾਰ ਤੇ ਏ. ਟੀ. ਐੱਮ. ਕਾਰਡ ਬਦਲ ਕੇ ਪੈਸੇ ਕਢਵਾਉਣ ਵਾਲੇ ਸੁਮਿਤ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਮੁਹੱਲਾ ਕੋਟ ਮੰਗਲ ਲੁਧਿਆਣਾ ਨੂੰ ਥਾਣਾ ਸਿਟੀ ਧੂਰੀ ਦੀ ਪੁਲਸ ਟੀਮ ਨੇ ਕਾਬੂ ਕਰਕੇ ਉਸਦੇ ਪਾਸੋਂ ਵੱਖ-ਵੱਖ ਬੈਂਕਾਂ ਦੇ ਕਰੀਬ 60 ਏ. ਟੀ. ਐੱਮ. ਕਾਰਡ ਬਰਾਮਦ ਕੀਤੇ ਤੇ ਇਸ ਬਾਬਤ ਥਾਣਾ ਸਿਟੀ ਧੂਰੀ 'ਚ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ। ਐੱਸ. ਐੱਸ. ਪੀ ਸੰਗਰੂਰ ਨੇ ਦੱਸਿਆ ਕਿ ਦੋਸ਼ੀ ਬੜੀ ਹੀ ਸਫਾਈ ਅਤੇ ਚਲਾਕੀ ਨਾਲ ਭੋਲੇ-ਭਾਲੇ ਲੋਕਾਂ ਨਾਲ ਏ. ਟੀ. ਐੱਮ. ਬਦਲਾ ਕੇ ਤੇ ਚੋਰ ਅੱਖ ਰਾਹੀਂ ਉਨ੍ਹਾਂ ਦਾ ਪਾਸਵਰਡ ਦੇਖ ਕੇ ਬਾਅਦ ਵਿਚ ਉਨ੍ਹਾਂ ਦੇ ਬੈਂਕ ਖਾਤਿਆਂ ਵਿਚੋਂ ਪੈਸੇ ਕਢਵਾ ਕੇ ਉਨ੍ਹਾਂ ਨਾਲ ਠੱਗੀ ਮਾਰਦਾ ਸੀ।

ਐੱਸ. ਐੱਸ. ਪੀ. ਸਿੱਧੂ ਨੇ ਦੱਸਿਆ ਕਿ ਦੋਸ਼ੀ ਸਿਰਫ ਪੰਜ ਕਲਾਸਾਂ ਪਾਸ ਹੈ ਤੇ ਉਸ ਦੀ ਉਮਰ ਬੱਤੀ ਸਾਲ ਹੈ ਤੇ ਉਹ ਅਖ਼ਬਾਰ ਵੰਡਣ ਦਾ ਕਿੱਤਾ ਕਰਦਾ ਹੈ ਅਤੇ ਜਲਦੀ ਅਮੀਰ ਬਣਨ ਦੇ ਚੱਕਰਾਂ 'ਚ ਉਸਨੇ ਭੋਲੇ ਭਾਲੇ ਲੋਕਾਂ ਦੇ ਏ. ਟੀ. ਐੱਮ. ਦੀ ਅਦਲਾ ਬਦਲੀ ਕਰਕੇ ਲੋਕਾਂ ਨੂੰ ਠੱਗਣਾ ਸ਼ੁਰੂ ਕਰ ਦਿੱਤਾ। ਉਕਤ ਫੜੇ ਗਏ ਵਿਅਕਤੀ ਪਾਸੋਂ ਹੋਰ ਪੁੱਛ ਗਿੱਛ ਜਾਰੀ ਹੈ ਅਤੇ ਕਈ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਸਿੱਧੂ ਮੂਸੇਵਾਲਾ ਦੇ ਸਮਰਥਕਾਂ ਵੱਲੋਂ ਮਾਨਸਾ 'ਚ ਇਨਸਾਫ ਲਈ ਕੈਂਡਲ ਮਾਰਚ



**ਮਾਨਸਾ/ਲੋਕ ਬਾਣੀ**

ਮਸ਼ਹੂਰ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਬੀਤੇ ਦਿਨ ਮਾਨਸਾ 'ਚ ਪਿੰਡ ਜਵਾਹਰਕੇ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਸਿੱਧੂ ਮੂਸੇਵਾਲਾ ਦੇ ਸਮਰਥਕਾਂ ਅਤੇ ਕਾਂਗਰਸ ਵੱਲੋਂ ਇਕ ਕੈਂਡਲ ਮਾਰਚ ਮਾਨਸਾ ਸ਼ਹਿਰ 'ਚ ਕੱਢਿਆ ਜਾ ਰਿਹਾ ਹੈ। ਇਸ ਕੈਂਡਲ ਮਾਰਚ 'ਚ ਜਿਥੇ ਕਾਂਗਰਸ ਦੇ ਪੰਜਾਬ ਪ੍ਰਧਾਨ ਅਰਮਿੰਦਰ ਸਿੰਘ ਰਾਜਾ ਵੜਿੰਗ, ਐੱਮ.ਐੱਲ. ਏ. ਲਾਡੀ ਸ਼ੇਰੋਵਾਲੀਆ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਸ਼ਾਮਲ ਸਨ, ਉਥੇ ਵੱਡੀ ਗਿਣਤੀ 'ਚ ਸਿੱਧੂ ਸਮਰਥਕਾਂ ਵੱਲੋਂ ਹਾਜਰੀ ਭਰੀ ਜਾ ਰਹੀ ਹੈ। ਜਿਕਰਯੋਗ ਹੈ ਕਿ ਬੀਤੇ ਦਿਨ ਗੋਲੀਆਂ ਲੱਗਣ ਕਾਰਣ ਸਿੱਧੂ ਮੂਸੇਵਾਲ ਗੰਭੀਰ ਜਖਮੀ ਹੋ ਗਏ ਸਨ, ਜਿਨ੍ਹਾਂ ਤੁਰੰਤ ਮਾਨਸਾ ਦੇ ਸਰਕਾਰੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਇਸ ਵਾਰਦਾਤ ਦੌਰਾਨ ਹਮਲਾਵਰਾਂ ਨੇ ਲਗਭਗ 30 ਤੋਂ 35 ਰੌਂਦ ਫਾਇਰ ਕੀਤੇ ਸਨ, ਜਿਸ 'ਚ ਸਿੱਧੂ ਦੇ ਲੱਗਭਗ 20 ਗੋਲੀਆਂ ਲੱਗੀਆਂ।

## ਵਿਦਿਆਰਥਣਾਂ ਨੇ ਡੀਸੀ ਤੋਂ ਕਾਲਜ ਕੈਂਪਸ 'ਚ ਹਿਜਾਬ ਪਹਿਨਣ ਦੀ ਮਨਜੂਰੀ ਮੰਗੀ

**ਮੰਗਲੁਰੂ/ਲੋਕ ਬਾਣੀ**

ਕਰਨਾਟਕ 'ਚ ਸੋਮਵਾਰ ਨੂੰ ਹਿਜਾਬ ਨੂੰ ਲੈ ਕੇ ਵਿਵਾਦ ਇਕ ਵਾਰ ਫਿਰ ਭੜਕ ਗਿਆ ਕਿਉਂਕਿ ਮੰਗਲੁਰੂ ਯੂਨੀਵਰਸਿਟੀ ਦੀਆਂ ਕੁਝ ਵਿਦਿਆਰਥਣਾਂ ਨੇ ਦੱਖਣ ਕੰਨੜ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ (ਡੀਸੀ) ਕੋਲ ਪਹੁੰਚ ਕੇ ਕੈਂਪਸ ਵਿਚ ਇਸ ਨੂੰ (ਹਿਜਾਬ) ਪਹਿਨਣ ਦੀ ਇਜਾਜਤ ਮੰਗੀ। ਸ਼ਨੀਵਾਰ ਨੂੰ ਫਿਰ ਤੋਂ ਵਿਦਿਅਕ ਸੰਸਥਾਵਾਂ 'ਚ ਹਿਜਾਬ ਪਹਿਨਣ ਦੀ ਮੰਗ ਕਰਨ ਵਾਲੀਆਂ 12 ਵਿਦਿਆਰਥਣਾਂ ਸੋਮਵਾਰ ਨੂੰ ਯੂਨੀਵਰਸਿਟੀ ਕਾਲਜ 'ਚ ਵੀ ਆਈਆਂ। ਵਿਦਿਆਰਥਣਾਂ ਲਈ 'ਡਰੈਸ ਕੋਡ' ਹੋਣ ਕਾਰਨ ਯੂਨੀਵਰਸਿਟੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਸ਼ਨੀਵਾਰ ਵਾਂਗ ਸੋਮਵਾਰ ਨੂੰ ਵੀ ਦਾਖਲ ਨਹੀਂ ਹੋਣ ਦਿੱਤਾ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਨ 'ਤੇ ਤਿੰਨ ਵਿਦਿਆਰਥਣਾਂ ਨੇ ਉਨ੍ਹਾਂ ਦੇ ਦਫਤਰ ਵਿਚ ਜਾ ਕੇ ਮੰਗ ਪੱਤਰ ਸੌਂਪਿਆ। ਡਿਪਟੀ ਕਮਿਸ਼ਨਰ ਡਾ: ਰਾਜਿੰਦਰ ਕੇਵੀ ਨੇ ਦੱਸਿਆ ਕਿ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਹਿਜਾਬ ਜਾਂ ਭਗਵੇਂ ਸਕਾਰਫ ਜਾਂ ਅਜਿਹੇ ਕਿਸੇ ਵੀ ਕੱਪੜੇ ਨੂੰ ਪਹਿਨਣ ਦੀ ਇਜਾਜਤ ਨਾ ਦੇਣ ਦਾ ਫੈਸਲਾ ਕੀਤਾ ਹੈ ਜੋ ਸ਼ਾਂਤੀ ਭੰਗ ਕਰ ਸਕਦਾ ਹੈ। ਜਿਸ ਤੋਂ ਬਾਅਦ ਕਾਲਜ ਪ੍ਰਬੰਧਕਾਂ ਨੇ ਉਨ੍ਹਾਂ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਹੈ। ਉਨ੍ਹਾਂ ਨੇ ਹਾਈ ਕੋਰਟ ਦੇ ਇਕ ਤਾਜਾ ਫੈਸਲੇ ਦਾ ਹਵਾਲਾ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਹਿਜਾਬ ਇਕ ਜਰੂਰੀ ਧਾਰਮਿਕ ਪਰੰਪਰਾ ਨਹੀਂ ਹੈ ਅਤੇ ਕਾਲਜਾਂ ਵਿਚ ਇਕ 'ਡਰੈਸ ਕੋਡ' ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਜਿੱਥੇ ਪਹਿਰਾਵਾ ਨਿਰਧਾਰਤ ਕੀਤਾ ਗਿਆ ਹੈ।

## ਮੂਸੇਵਾਲਾ ਕਤਲਕਾਂਡ: ਜੰਮੂ 'ਚ ਯੂਥ ਕਾਂਗਰਸ ਵੱਲੋਂ ਪੰਜਾਬ ਸਰਕਾਰ ਖਿਲਾਫ ਪ੍ਰਦਰਸ਼ਨ

**ਜੰਮੂ/ਲੋਕ ਬਾਣੀ:-** ਯੂਥ ਕਾਂਗਰਸ ਦੇ ਵਰਕਰ ਨੇ ਸੋਮਵਾਰ ਨੂੰ ਇੱਥੇ ਆਮ ਆਦਮੀ ਪਾਰਟੀ ਅਤੇ ਪੰਜਾਬ ਵਿਚ ਇਸ ਦੀ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਵਰਕਰ ਨੇ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਨੂੰ 'ਸਿਆਸੀ ਕਤਲ' ਕਰਾਰ ਦਿੱਤਾ ਅਤੇ ਉਸ ਦੀ ਸੁਰੱਖਿਆ ਘਟਾਉਣ ਦੇ ਫੈਸਲੇ 'ਤੇ ਸਵਾਲ ਚੁੱਕੇ। ਪ੍ਰਦਰਸ਼ਨਕਾਰੀਆਂ ਨੇ ਸੂਬੇ ਦੀ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਅਸਤੀਫੇ ਦੀ ਮੰਗ ਕੀਤੀ। ਦੱਸ ਦੇਈਏ ਕਿ 28 ਸਾਲਾ ਮੂਸੇਵਾਲਾ ਜੋ ਕਿ ਕਾਂਗਰਸੀ ਆਗੂ ਵੀ ਸੀ, ਨੂੰ ਐਤਵਾਰ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਮਾਰ ਦਿੱਤਾ। ਇਹ ਘਟਨਾ ਇਕ ਦਿਨ ਬਾਅਦ 'ਆਪ' ਸਰਕਾਰ ਵੱਲੋਂ ਸੂਬੇ 'ਚ ਸੁਰੱਖਿਆ 'ਚ ਕਟੌਤੀ ਕੀਤੀ ਗਈ ਸੀ। ਲੇਹ ਯੂਥ ਕਾਂਗਰਸ ਦੇ ਪ੍ਰਧਾਨ ਉਧੈ ਭਾਨੂ ਚਿੱਬ ਸਮੇਤ ਸੈਂਕੜੇ ਯੂਥ ਕਾਂਗਰਸ ਵਰਕਰ 'ਆਪ' ਦੇ ਗਾਂਧੀਨਗਰ ਸਥਿਤ ਮੁੱਖ ਦਫਤਰ 'ਚ ਇਕੱਠੇ ਹੋਏ।

# ਨਹਿਰੀ ਦਫਤਰ ਦੀ ਉਸਾਰੀ ਸੰਬੰਧੀ ਮੁਲਾਜਮ ਜਥੇਬੰਦੀਆਂ ਦਾ ਵਫਦ ਨਿਗਰਾਨ ਇੰਜੀਨੀਅਰ ਨੂੰ ਮਿਲਿਆ



**ਅੰਮ੍ਰਿਤਸਰ/ਰਾਜਾ ਕੋਟਲੀ**

ਜਲ ਸਰੋਤ ਵਿਭਾਗ ਦੇ ਅੰਮ੍ਰਿਤਸਰ ਸਥਿਤ ਦਫਤਰ ਵਿੱਚ ਕੰਮ ਕਰਦੇ ਮੁਲਾਜਮਾਂ ਦੀਆਂ ਅੱਧੀ ਦਰਜਨ ਦੇ ਕਰੀਬ ਵਖ ਵਖ ਜਥੇਬੰਦੀਆਂ ਵੱਲੋਂ ਨਹਿਰੀ ਦਫਤਰ ਦੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਵਿੱਚ ਹੋ ਰਹੀ ਦੇਰੀ ਨੂੰ ਲੈ ਕੇ ਨਿਗਰਾਨ ਇੰਜੀਨੀਅਰ ਜਲ ਨਿਕਾਸ ਹਲਕਾ ਅੰਮ੍ਰਿਤਸਰ ਜਗਦੀਸ਼ ਰਾਜ ਨੂੰ ਮਿਲ ਕੇ ਇਮਾਰਤ ਦੀ ਉਸਾਰੀ ਨੂੰ ਜਲਦ ਸੁਰੂ ਕਰਵਾਉਣ ਦੀ ਮੰਗ ਕੀਤੀ ਹੈ।ਇਸ ਮੌਕੇ ਜਥੇਬੰਦੀਆਂ ਨਾਲ ਮੀਟਿੰਗ ਦੌਰਾਨ ਹੋਈ ਲੰਬੀ ਵਿਚਾਰ ਚਰਚਾ ਤੋਂ ਬਾਅਦ ਨਿਗਰਾਨ ਇੰਜੀਨੀਅਰ ਜਗਦੀਸ਼ ਰਾਜ ਨੇ ਦੱਸਿਆ ਕਿ ਦਫਤਰ ਦੀ ਨਵੀਂ ਉਸਾਰੀ ਜਾਣ ਵਾਲੀ ਇਮਾਰਤ ਦੇ ਨਕਸ਼ੇ ਪਾਸ ਹੋਣ ਉਪਰੰਤ ਟੈਂਡਰ ਵੀ ਖੁੱਲ ਚੁੱਕੇ ਹਨ ਅਤੇ ਰੇਟਾਂ ਦੀ ਮਨਜੂਰੀ ਲਈ ਕੇਸ ਮੁੱਖ ਇੰਜੀਨੀਅਰ ਕੈਨਾਲ-2 ਚੰਡੀਗੜ੍ਹ ਨੂੰ ਭੇਜਿਆ ਹੋਇਆ ਹੈ।ਇਸ ਸੰਬੰਧੀ ਉਨ੍ਹਾਂ ਮੁਲਾਜਮ ਜਥੇਬੰਦੀਆਂ ਨੂੰ ਸਪੱਸ਼ਟ ਕੀਤਾ ਹੈ ਕਿ ਮਨਜੂਰੀ ਮਿਲਣ ਉਪਰੰਤ ਦਫਤਰ ਦੀ ਉਸਾਰੀ ਇਕ ਹਫਤੇ ਦੇ ਅੰਦਰ ਅੰਦਰ ਸੁਰੂ ਕਰ ਦਿੱਤੀ ਜਾਵੇਗੀ।ਇਸ ਮੌਕੇ ਮੀਟਿੰਗ ਵਿੱਚ ਨਹਿਰੀ ਪਟਵਾਰ ਯੂਨੀਅਨ ਦੇ ਸੀਨੀ:ਮੀਤ ਪ੍ਰਧਾਨ ਰਾਜਦੀਪ ਸਿੰਘ ਚੰਦੀ,ਪੰਜਾਬ ਇਰੀਗੇਸਨ ਕਲੈਰੀਕਲ ਐਸੋਸੀਏਸ਼ਨ ਦੇ ਪ੍ਰਧਾਨ ਮੁਨੀਸ਼ ਕੁਮਾਰ ਜਨਰਲ ਸਕੱਤਰ ਗੁਰਵੇਲ ਸਿੰਘ,ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਰਮਚਾਰੀ ਫੈਡਰੇਸ਼ਨ ਦੇ ਜਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਰੰਧਾਵਾ,ਸੂਬਾ ਮੀਤ ਪ੍ਰਧਾਨ ਰਾਕੇਸ਼ ਕੁਮਾਰ ਬਾਬੋਵਾਲ,ਸੀ ਪੀ ਐਫ ਕਰਮਚਾਰੀ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਸੰਜੀਵ ਕੁਮਾਰ ਸਰਮਾਂ,ਨਿਸ਼ਾਨ ਸਿੰਘ ਸੰਧੂ,ਨਹਿਰੀ ਕਲੋਨੀ ਵੈਲਫੇਅਰ ਕਮੇਟੀ ਦੇ ਪ੍ਰਧਾਨ ਅਜੈ ਕੁਮਾਰ ਮੈਹਰਾ ,ਮਹਿਲਾ ਵਿੰਗ ਕਰਮਚਾਰੀ ਯੂਨੀਅਨ ਜਲ ਸਰੋਤ ਵਿਭਾਗ ਅੰਮ੍ਰਿਤਸਰ ਦੀ ਮੀਤ ਪ੍ਰਧਾਨ ਪਲਕ ਸਰਮਾਂ, ਦੀ ਕਲਾਸਫੋਰ ਇੰਪਲਾਈਜ਼ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ,ਜਨਰਲ ਸਕੱਤਰ ਬਲਵਿੰਦਰ ਸਿੰਘ,ਸਿੰਚਾਈ ਤੇ ਬਿਜਲੀ ਖੋਜ ਸੰਸਥਾ ਵਰਕਰ ਯੂਨੀਅਨ ਦੇ ਪ੍ਰਧਾਨ ਸਾਹਬ ਸਿੰਘ ਰੰਧਾਵਾ ਆਦਿ ਵੀ ਹਾਜ਼ਰ ਸਨ।

# ਪੁਲਿਸ ਚੌਂਕੀ ਦੇ ਇੰਚਾਰਜ਼ ਨੂੰ ਕੀਤਾ ਸਨਮਾਨਿਤ



**ਪਟਿਆਲਾ/ਇਕਬਾਲ ਸਿੰਘ**

ਕਸਬਾ ਬਲਬੇੜ੍ਹਾ ਵਿਖੇ ਆਮ ਆਦਮੀ ਪਾਰਟੀ ਵਪਾਰ ਮੰਡਲ ਜਿਲ੍ਹਾ ਜੁਆਇੰਟ ਸਕੱਤਰ ਮਦਨ ਵਰਮਾਂ ਦੀ ਅਗਵਾਈ ਹੇਠ ਪੁਲਸ ਚੋਕੀ ਬਲਬੇੜ੍ਹਾ ਦੇ ਨਵੇਂ ਇੰਚਾਰਜ਼ ਗੁਰਪ੍ਰੀਤ ਕੌਰ ਨੂੰ ਧਾਰਮਿਕ ਤਸਵੀਰ ਨਾਲ ਸਨਮਾਨਿਤ ਕੀਤਾ ਗਿਆ।ਇਸ ਮੋਕੇ ਸਬ ਇੰਸਪੈਕਟਰ ਗੁਰਪ੍ਰੀਤ ਕੋਰ ਨੇ ਸਰਕਲ ਬਲਬੇੜ੍ਹਾ ਦੇ ਮੋਹਤਬਰ ਵਿਅਕਤੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਸਰਕਲ ਬਲਬੇੜ੍ਹਾ ਚ ਨਸ਼ਾ,ਅਤੇ ਨਜਾਇਜ਼ ਕਾਰੋਬਾਰੀਆਂ ਤੇ ਨਕੇਲ ਕੱਸੀ ਜਾਵੇਗੀ ਤੇ ਸ਼ਾਂਤੀ ਭੰਗ ਕਰਨ ਵਾਲਿਆਂ ਨੂੰ ਬਖਸ਼ਿਆ ਨਹੀ ਜਾਵੇਗਾ ਅਤੇ ਅਮਨ ਅਮਾਨ ਦੀ ਸਥਿਤੀ ਬਣਾਈ ਰੱਖੀ ਜਾਵੇਗੀ।ਇਸ ਮੋਕੇ ਜੈਮਲ ਸਿੰਘ, ਡਾ.ਰਾਜਿੰਦਰ ਸਿੰਘ ਜਾਫਰਪੁਰ,ਐਸ ਸੀ ਵਿੰਗ ਸਰਕਲ ਪ੍ਰਧਾਨ ਤਰਸੇਮ ਸਿੰਘ ਨੰਨਾਨਸੁੰ,ਹਨੀ ਜਾਫਰਪੁਰ ਜਿਲ੍ਹਾ ਜਨਰਲ ਸਕੱਤਰ, ਸੁਖਵੀਰ ਸਿੰਘ ਭੋਲਾ ਬਲਬੇੜ੍ਹਾ ,ਪ੍ਰੇਮ ਪਾਲ ਸ਼ਰਮਾਂ,ਸੁਖਵਿੰਦਰ ਸੁੱਖੀ ਨੰਨਾਨਸੁੰ ਆਦਿ ਸਖਸ਼ੀਅਤਾਂ ਮੋਜੂਦ ਸਨ।

# ਸਰਕਾਰੀ ਹਾਈ ਸਕੂਲ ਅਬਦਾਲ ਵਿਖੇ ਲਾਇਬ੍ਰੇਰੀ ਸਟਾਲ ਲਗਾਇਆ ਗਿਆ



**ਅੰਮ੍ਰਿਤਸਰ/ਰਾਜਾ ਕੋਟਲੀ**

ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਦਿਸਾ ਨਿਰਦੇਸਾਂ ਅਨੁਸਾਰ ਅੱਜ ਬਲਾਕ ਮਜੀਠਾ ਦੇ ਸਰਕਾਰੀ ਹਾਈ ਸਕੂਲ ਅਬਦਾਲ ਵਿਖੇ ਮੁੱਖ ਅਧਿਆਪਕਾ ਸ੍ਰੀਮਤੀ ਦੀਪਿਕਾ ਡੀਨ ਦੀ ਅਗਵਾਈ ਵਿੱਚ ਲਾਇਬ੍ਰੇਰੀ ਸਟਾਲ ਲਗਾਇਆ ਗਿਆ।ਲਾਇਬ੍ਰੇਰੀ ਇੰਚਾਰਜ ਪਰਵਿੰਦਰ ਕੌਰ ਵਲੋਂ ਵੱਖ ਵੱਖ ਵਿਸ਼ਿਆਂ ਦੀਆਂ ਲੱਗਭਗ 1200 ਕਿਤਾਬਾਂ ਦਾ ਸਟਾਲ ਲਗਾਇਆ ਗਿਆ। ਵਿਦਿਆਰਥੀਆਂ ਅਤੇ ਮਾਪਿਆਂ ਨੇ ਇਸ ਸਟਾਲ ਵਿੱਚ ਬਹੁਤ ਹੀ ਰੁਚੀ ਨਾਲ ਭਾਗ ਲਿਆ ਤੇ ਆਪਣੀ ਆਪਣੀ ਰੁਚੀ ਅਨੁਸਾਰ ਕਿਤਾਬਾਂ ਪੜੀਆ ਤੇ ਘਰ ਪੜ੍ਹਨ ਲਈ ਵੀ ਲਈਆ। ਕਿਤਾਬਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ ਤੇ ਸਕੂਲੀ ਸਿਲੇਬਸ ਤੋਂ ਇਲਾਵਾ ਜਿੰਦਗੀ ਦੇ ਅਲੱਗ ਅਲੱਗ ਵਿਸ਼ਿਆਂ ਨਾਲ ਸਬੰਧਤ ਕਿਤਾਬਾਂ ਪੜ੍ਹਨ ਨਾਲ ਬੱਚਿਆਂ ਦਾ ਸਮਾਜਿਕ ਤੇ ਮਾਨਸਿਕ ਵਿਕਾਸ ਹੁੰਦਾ ਹੈ।ਸਕੂਲ ਦੇ ਇਸ ਉਪਰਾਲੇ ਦੀ ਪਿੰਡ ਦੇ ਪਤਵੰਤੇ ਸੱਜਣਾ ਤੇ ਮਾਪਿਆਂ ਵੱਲੋਂ ਬਹੁਤ ਤਾਰੀਫ ਕੀਤੀ ਗਈ। ਬੱਚਿਆਂ ਵਿੱਚ ਵੀ ਲਾਇਬ੍ਰੇਰੀ ਸਟਾਲ ਨੂੰ ਲੈ ਕੇ ਭਾਰੀ ਉਤਸਾਹ ਵੇਖਣ ਨੂੰ ਮਿਲਿਆ।ਅੱਜ ਇਸ ਮੌਕੇ ਸ.ਗੁਰਵਿੰਦਰ ਸਿੰਘ,ਜਗਦੀਪ ਸਿੰਘ,ਮਨਦੀਪ ਸਰਮਾ,ਪ੍ਰੇਮਪਾਲ ਸਿੰਘ,ਬਲਰਾਜ ਸਿੰਘ ਰੰਧਾਵਾ,ਜਸਪਿੰਦਰ ਕੌਰ,ਰਾਜਵੰਤ ਕੌਰ, ਰੇਨੂੰ ਡੋਗਰਾ,ਜਸਪਾਲ ਕੌਰ,ਰਜਨੀ ਬਾਲਾ,ਗੁਰਜੋਤ ਸਿੰਘ,ਯੋਗਿਤਾ ਸਰਮਾ,ਸਿੰਮੀ ਆਦਿ ਅਧਿਆਪਕ ਤੇ ਮਾਪੇ ਹਾਜਰ ਸਨ।

# ਵਿਧਾਇਕ ਭੋਲਾ ਵੱਲੋਂ ਹਲਕਾ ਪੂਰਬੀ ਦੇ ਸਰਕਾਰੀ ਸਕੂਲਾਂ ਦਾ ਵਿਸ਼ੇਸ਼ ਦੌਰਾ

## ਸਕੂਲਾਂ 'ਚ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਨੂੰ ਸੁਣਿਆ, ਤੁਰੰਤ ਹੱਲ ਕਰਨ ਦਾ ਵੀ ਦਿੱਤਾ ਭਰੋਸਾ

**ਲੁਧਿਆਣਾ/ਸੁਖਚੈਨ ਮਹਿਰਾ**

ਅੱਜ ਹਲਕਾ ਲੁਧਿਆਣਾ ਪੂਰਬੀ ਦੇ ਵਿਧਾਇਕ ਸ. ਦਲਜੀਤ ਸਿੰਘ ਗਰੇਵਾਲ (ਭੋਲਾ) ਵੱਲੋਂ ਹਲਕੇ 'ਚ ਪੈਂਦੇ ਸਰਕਾਰੀ ਸਕੂਲਾਂ ਦਾ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ ਗਿਆ ਅਤੇ ਸਕੂਲਾਂ 'ਚ ਦਰਪੇਸ਼ ਆ ਰਹੀਆਂ ਮੁਸ਼ਕਿਲਾਂ ਸੁਣੀਆਂ ਤੇ ਉਨ੍ਹਾਂ ਦਾ ਤੁਰੰਤ ਹੱਲ ਕਰਨ ਦਾ ਵੀ ਭਰੋਸਾ ਦਿੱਤਾ ਗਿਆ।

ਵਿਧਾਇਕ ਭੋਲਾ ਨੇ ਦੱਸਿਆ ਕਿ ਉਨ੍ਹਾਂ ਹਲਕਾ ਲੁਧਿਆਣਾ ਪੂਰਬੀ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦਾ ਦੌਰਾ ਕੀਤਾ ਜਿਸ ਵਿੱਚ ਬਸਤੀ ਜੋਧੇਵਾਲ, ਸੁਭਾਸ਼ ਨਗਰ, ਸੈਕਟਰ 39 ਅਰਬਨ ਅਸਟੇਟ ਫੇਜ-1 ਤੋਂ ਇਲਾਵਾ ਹੋਰ ਸਕੂਲ ਵੀ ਸ਼ਾਮਲ ਹਨ।

ਉਨ੍ਹਾਂ ਸੈਕਟਰ 39 ਵਿਖੇ ਇੱਕ ਸੋਲਰ ਪਲਾਂਟ ਦਾ ਵੀ ਉਦਘਾਟਨ ਕੀਤਾ। ਉਨ੍ਹਾਂ ਹਲਕਾ ਪੂਰਬੀ ਵਿੱਚ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਸਤੀ ਜੋਧੇਵਾਲ ਸਕੂਲ ਵਿਖੇ ਲੋੜਵੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੀ ਵੰਡੀਆਂ ਅਤੇ ਸਕੂਲ ਦੇ ਨਵੀਨੀਕਰਣ ਦਾ ਵੀ ਕੰਮ ਸੁਰੂ ਕਰਵਾਇਆ।

ਵਿਧਾਇਕ ਭੋਲਾ ਨੇ ਅੱਗੇ ਦੱਸਿਆ ਕਿ ਸਕੂਲਾਂ ਦੇ ਨਵੀਨੀਕਰਣ ਸਬੰਧੀ ਜਿਹੜੇ ਕੰਮ ਚੱਲ ਰਹੇ ਹਨ ਉਹ ਨਿਰਵਿਘਨ ਨੇਪਰੇ ਚੜ੍ਹਨਗੇ ਅਤੇ ਫੰਡਾਂ ਦੀ ਕੋਈ ਘਾਟ ਨਹੀਂ ਆਉਂਣ ਦਿੱਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਬੇਹੱਦ ਸੰਵੇਦਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਠੀਕ ਕਿਹਾ ਜਾਂਦਾ ਹੈ ਕਿ ਵਿੱਦਿਆ ਹੀ ਦੌਲਤ ਹੈ ਜੋ ਹਰ ਦੇਸ਼ ਦੇ ਭਵਿੱਖ ਦਾ ਫੈਸਲਾ ਕਰਦੀ ਹੈ। ਇਸੇ ਕਰਕੇ ਆਮ ਆਦਮੀ ਪਾਰਟੀ ਦੇ ਕੰਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੀ ਸੋਚ 'ਤੇ ਚੱਲ ਕੇ ਹੀ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕਿਆ ਜਾ ਰਿਹਾ ਹੈ ਤਾਂਕਿ ਉਨ੍ਹਾਂ ਦੇ ਹਲਕੇ ਦੇ ਲੋਕ ਹੋਰ ਅਮੀਰ ਬਣ ਸਕਣ। ਉਨ੍ਹਾਂ ਕਿਹਾ ਕਿ ਚੰਗੀ ਸਿੱਖਿਆ ਦਾ ਕੋਈ ਮੇਲ ਨਹੀਂ ਹੈ ਕਿਉਂਕਿ ਇਹ ਸਾਡੀ ਨੌਜਵਾਨ ਪੀੜ੍ਹੀ ਨੂੰ ਵਧੀਆ ਤਰੀਕਿਆਂ ਨਾਲ ਤਿਆਰ ਕਰਕੇ ਉਨ੍ਹਾਂ ਨੂੰ ਜਾਗਰੂਕ ਅਤੇ ਚੰਗੇ ਨਾਗਰਿਕ ਬਣਾਉਂਦੀ ਹੈ। ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕਰਨ ਲਈ ਸਮੂਹਿਕ ਤੌਰ 'ਤੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਇਹ ਮਨੁੱਖਤਾ ਦੀ ਸਭ ਤੋਂ ਉੱਤਮ ਸੇਵਾ ਹੈ।

# ਕੈਪਟਨ ਅਮਰਿੰਦਰ ਸਿੰਘ ਆਪਣੇ ਕਾਰਜਕਾਲ ਦੇ ਭ੍ਰਿਸ਼ਟ ਮੰਤਰੀਆਂ ਅਤੇ ਅਧਿਕਾਰੀਆਂ ਦੀ ਸੂਚੀ ਜਾਰੀ ਕਰਨ

**ਪਟਿਆਲਾ/ਇਕਬਾਲ ਸਿੰਘ**

ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਭ੍ਰਿਸਟਾਚਾਰ ਦੇ ਮਾਮਲੇ ਵਿੱਚ ਆਪਣੇ ਹੀ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਬਰਖਾਸਤ ਕਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨੇ ਜੋਰ ਫੜ ਲਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਬਿਆਨ ਦਿੱਤਾ ਸੀ ਕਿ ਜੇਕਰ ਸੂਬੇ ਦੇ ਮੁੱਖ ਮੰਤਰੀ ਉਨ੍ਹਾਂ ਨੂੰ ਪੁੱਛਦੇ ਹਨ ਤਾਂ ਉਹ ਆਪਣੇ ਕਾਰਜਕਾਲ ਦੇ ਭ੍ਰਿਸਟ ਮੰਤਰੀਆਂ ਦੇ ਨਾਂ ਦੱਸਣ ਲਈ ਤਿਆਰ ਹਨ। ਕੈਪਟਨ ਦੇ ਇਸ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਵਿਜੇ ਕਪੂਰ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਅਜਿਹੇ ਭ੍ਰਿਸਟ ਸਾਬਕਾ ਮੰਤਰੀਆਂ ਦੇ ਨਾਂ ਬਿਨਾਂ ਕਿਸੇ ਦੇਰੀ ਦੇ ਸਰਕਾਰ ਨੂੰ ਦੇਣੇ ਚਾਹੀਦੇ ਹਨ ਅਤੇ ਭ੍ਰਿਸਟਾਚਾਰ ਵਿਰੁੱਧ ਲੜਾਈ 'ਚ ਸਰਕਾਰ ਦਾ ਸਾਥ ਦੇਣਾ ਚਾਹੀਦਾ ਹੈ।

ਕਪੂਰ ਨੇ ਕਿਹਾ ਕਿ ਜਦੋਂ ਕੈਪਟਨ ਸੱਤਾ 'ਚ ਸਨ, ਉਦੋਂ ਉਨ੍ਹਾਂ 'ਤੇ ਕਾਂਗਰਸ ਪਾਰਟੀ ਦੀ ਹਾਈਕਮਾਨ ਦਾ ਦਬਾਅ ਸੀ ਪਰ ਹੁਣ ਉਹ ਕਿਸੇ ਦਬਾਅ 'ਚ ਨਹੀਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਬੁਰੀ ਤਰ੍ਹਾਂ ਭ੍ਰਿਸਟਾਚਾਰ ਦਾ ਸ਼ਿਕਾਰ ਹੋ ਚੁੱਕਾ ਹੈ ਅਤੇ ਇਹ ਭ੍ਰਿਸਟ ਲੋਕ ਪੰਜਾਬ ਦੇ ਲੋਕਾਂ ਦੇ ਦੋਸੀ ਹਨ ਅਤੇ ਲੋਕਾਂ ਦਾ ਪੈਸਾ ਹੜੱਪ ਕੇ ਬਾਹਰ ਸਰੇਆਮ ਘੁੰਮ ਰਹੇ ਹਨ ਜੋਂ ਕਿ ਸਮਾਜ ਲਈ ਖਤਰਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਵਿਚ ਜਿਹੜੇ ਮੰਤਰੀਆਂ ਨੇ ਭ੍ਰਸਟ ਤਰੀਕੇ ਨਾਲ ਕਰੋੜਾਂ ਰੁਪਏ ਦੀ ਸੰਪਤੀ ਬਣਾ ਕੇ ਪੰਜਾਬ ਦੇ ਲੋਕਾਂ ਨਾਲ ਵਿਸਵਾਸਘਾਤ ਕੀਤਾ ਹੈ ਉਨ੍ਹਾਂ ਭ੍ਰਸਟ ਮੰਤਰੀਆਂ ਤੇ ਆਮਦਨ ਤੋਂ ਵੱਧ ਸੰਪਤੀ ਬਣਾਉਣ ਦੇ ਮਾਮਲੇ ਦਰਜ ਕਰਕੇ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਤਾਂ ਜੋ ਭਵਿੱਖ ਵਿਚ ਕੋਈ ਵੀ ਮੰਤਰੀ ਜਾਂ ਆਲਾ ਅਧਿਕਾਰੀ ਭ੍ਰਿਸਟਾਚਾਰ ਕਰਨ ਬਾਰੇ ਸੋਚੇ ਵੀ ਨਾ।

ਵਿਜੇ ਕਪੂਰ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ ਵਿਚ ਮੰਤਰੀ ਰਹੇ ਰਾਣਾ ਗਰਜੀਤ 'ਤੇ ਰੇਤ ਮਾਈਨਿੰਗ ਦੇ ਘਪਲਾ, ਸਾਧੂ ਸਿੰਘ ਧਰਮਸੋਤ 'ਤੇ ਸਕਾਲਰਸ਼ਿਪ ਘਪਲੇ ਤੋਂ ਇਲਾਵਾ ਸਾਬਕਾ ਮੰਤਰੀ ਬਲਬੀਰ ਸਿੱਧੂ, ਬ੍ਰਹਮ ਮੋਹਿੰਦਰਾ ਅਤੇ ਹੋਰ ਸਾਬਕਾ ਮੰਤਰੀਆਂ 'ਤੇ ਘਪਲੇਬਾਜੀ ਦੇ ਦੋਸ ਲੱਗ ਚੁੱਕੇ ਹਨ ਅਤੇ ਜਿਨ੍ਹਾਂ ਦੀ ਅਜੇ ਤੱਕ ਸਹੀ ਢੰਗ ਨਾਲ ਜਾਂਚ ਹੋਣੀ ਬਾਕੀ ਹੈ। ਉਨ੍ਹਾਂ ਕਿਹਾ ਹੈ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਜਿਹੇ ਭ੍ਰਿਸਟ ਸਿਆਸਤਦਾਨਾਂ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਲਿਆਉਣ ਲਈ ਸਰਕਾਰ ਦੀ ਮਦਦ ਕਰਨਗੇ।

# ਪੰਜਾਬ ਸਰਕਾਰ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਖੋਹੀ ਸਕਿਊਰਿਟੀ, ਜਥੇਦਾਰ ਨੇ ਦਿੱਤਾ ਵੱਡਾ ਬਿਆਨ



**ਪਟਿਆਲਾ/ਇਕਬਾਲ ਸਿੰਘ**

ਪੰਜਾਬ ਸਰਕਾਰਰ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਦੇ ਵਿੱਚ ਕਟੌਤੀ ਕਰ ਦਿੱਤੀ ਹੈ, ਪਰ ਇਸੇ ਵਿਚਕਾਰ ਜਥੇਦਾਰ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਜਥੇਦਾਰ ਨੇ ਕਿਹਾ ਕਿ, ਉਹਨੂੰ ਸੁਰੱਖਿਆ ਦੀ ਲੋੜ ਨਹੀਂ, ਜਿਹੜੇ ਬਾਕੀ ਸੁਰੱਖਿਆ ਕਰਮਚਾਰੀ ਹਨ, ਉਹ ਵੀ ਸਰਕਾਰ ਵਾਪਸ ਲੈ ਲਵੇ।

ਹੁਣ ਪਤਾ ਲੱਗਿਆ ਹੈ ਕਿ ਸਰਕਾਰ ਵਲੋਂ ਜਥੇਦਾਰ ਸਾਹਿਬ ਦੀ ਸੁਰੱਖਿਆ ਬਹਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ ਪਰ ਜਥੇਦਾਰ ਵਲੋਂ ਫ਼ਿਲਹਾਲ ਸਰਕਾਰੀ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

# ਸੀ ਆਈ ਏ ਸਟਾਫ ਵੱਲੋ 15 ਗ੍ਰਾਮ ਹੈਰੋਇਨ ਤੇ ਰਿਵਾਲਰ ਬਰਾਮਦ

**ਗੁਰਦਾਸਪੁਰ/ਨਵਨੀਤ ਕੁਮਾਰ**

ਐਸ ਐਸ ਪੀ ਗੁਰਦਾਸਪੁਰ ਹਰਜੀਤ ਸਿੰਘ ਨੇ ਪ੍ਰੈਸ ਕਾਨਫਰੰਸ ਦੋਰਾਨ ਦੱਸਿਆ ਕਿ ਬੀਤੀ ਰਾਤ 28 ਮਈ 2022 ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਹਰੀ ਓਮ ਪੁੱਤਰ ਸੁਨੀਲ ਕੁਮਾਰ ਵਾਸੀ ਜੋਸੀਆਂ ਵਾਲੀ ਗਲੀ ਗੁਰਦਾਸਪੁਰ ਜਾਨਵੀ ਪਤਨੀ ਅਰੁਣ ਕੁਮਾਰ ਅਤੇ ਲਲਿਤਾ ਪਤਨੀ ਪੱਪੂ ਸ਼ਰਮਾ ਵਾਸੀਅਨ ਇਸਲਾਮਾਬਾਦ ਮੁਹੱਲਾ ਗੁਰਦਾਸਪੁਰ ਜੋ ਇੱਕ ਮੋਪੜ ਮੈਸਟਰੋ ਬਿੰਨ੍ਹਾ ਨੰਬਰੀ ਪਰ ਸਵਾਰ ਹਨ , ਜਿਹਨਾਂ ਪਾਸ ਨਜਾਇਜ ਅਸਲਾ ਅਤੇ ਨਸੀਲਾ ਪਦਾਰਥ ਹੈ । ਜਿਸ ਤੇ ਇੰਚਾਰਜ ਸੀ ਆਈ ਏ ਸਟਾਫ ਸਮੇਤ ਸਾਥੀ ਕਰਮਚਾਰੀਆਂ ਨੇ ਉਕਤ ਦੋਸ਼ੀਆ ਨੂੰ ਕਾਬੂ ਕੀਤਾ ਅਤੇ ਤਲਾਸੀ ਦੌਰਾਨ ਇਹਨਾ ਦੇ ਕਬਜੇ ਵਿੱਚ 15 ਗ੍ਰਾਮ ਹੈਰੋਇਨ , 17000 ਰੁਪਏ ਡਰੱਗ ਮਨੀ , 01 ਦੇਸੀ ਕੱਟਾ 315 ਬੋਰ ਸਮੇਤ 04 ਰੌਦ , 01 ਰਿਵਾਲਰ 38 ਬੋਰ ਸਮੇਤ 02 ਰੌਦ ਬ੍ਰਾਮਦ ਕੀਤੇ । ਉਕਤ ਦੋਸੀਆਂ ਦੇ ਖਿਲਾਫ ਮੁਕਦਮਾਂ ਨੰ: 117 ਮਿਤੀ 28-05-2022 ਜੁਰਮ 21 ( ਬੀ) / 29 -61-85 ਐਨ ਡੀ ਪੀ ਐਸ ਐਕਟ 25-54-59 ਆਰਮਜ ਐਕਟ ਥਾਣਾ ਸਿੱਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ । ਜੋ ਬਾਅਦ ਵਿੱਚ ਇਹਨਾਂ ਦੀ ਪੁੱਛ-ਗਿੱਛ ਤੋ ਪੰਕਜ ਦੱਤਾ ਉਰਫ ਸੀਲੂ ਪੁੱਤਰ ਅਸ਼ਵਨੀ ਕੁਮਾਰ ਵਾਸੀ ਨਜਦੀਕ ਗੀਤਾ ਭਵਨ ਮੰਦਰ , ਗੁਰਦਾਸਪੁਰ ਨੂੰ ਕਾਬੂ ਕੀਤਾ ਗਿਆ ਅਤੇ ਉਸ ਦੇ ਪਾਸੋ 02 ਪਿਸਟਲ 32 ਬੋਰ । 04 ਮੈਗਜੀਨ 32 ਬੋਰ , 02 ਰੌਦ ਜਿੰਦਾ 32 ਅਤੇ 4 ਖੋਲ 32 ਬੋਰ ਦੇ ਬ੍ਰਾਮਦ ਕੀਤੇ । ਦੋਸ਼ੀਆਂ ਨੇ ਦੱਸਿਆ ਓਹਨਾਂ ਦੇ ਸਬੰਧ ਸੋਨੂੰ ਪੁੱਤਰ ਰਾਜ ਕੁਮਾਰ ਚੋਧਰੀ ਵਾਸੀ ਪਟਨਾ ( ਬਿਹਾਰ ) ਹਾਲ ਵਾਸੀ ਮੁਹੱਲਾ ਇਸਲਾਮਾਬਾਦ ਨਾਲ ਹਨ , ਜੋ ਇਸ ਸਮੇ ਪਠਾਨਕੋਟ ਵਿਖੇ ਜੁਰਮ 420 ਭ: ਦ: ਦੇ ਮੁਕੱਦਮੇ ਵਿੱਚ ਜੇਲ ਵਿੱਚ ਬੰਦ ਹੈ । ਇਹ ਸਾਰੇ ਹਥਿਆਰ ਉਹਨਾ ਵੱਲੋ ਸੋਨੂੰ ਵਾਸੀ ਪਟਨਾਂ ਬਿਹਾਰ ਦੇ ਨਾਲ ਜਾ ਕੇ ਪਟਨਾ ਤੋ ਲਿਆਦੇ ਸਨ । ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕੀਤੀ ਜਾਵੇਗੀ , ਤੇ ਆਉਣ ਵਾਲੇ ਸਮੇ ਵਿੱਚ ਹੋਰ ਵੀ ਖਲਾਸੇ ਹੋਣ ਦੀ ਉਮੀਦ ਹੈ ।

# ਭਾਸ਼ਾ ਵਿਭਾਗ ਜ਼ਿਲ੍ਹਾ ਲੁਧਿਆਣਾ ਵੱਲੋਂ ਕਹਾਣੀ ਦਰਬਾਰ ਦਾ ਆਯੋਜਨ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ**

ਭਾਸ਼ਾ ਵਿਭਾਗ ਪੰਜਾਬ ਸਰਕਾਰ ਦਾ ਅਜਿਹਾ ਅਦਾਰਾ ਹੈ ਜਿਸ ਦਾ ਗਠਨ ਹੀ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ/ਪ੍ਰਸਾਰ ਨੂੰ ਮੁੱਖ ਰੱਖਦਿਆਂ ਕੀਤਾ ਗਿਆ ਹੈ। ਇਸੇ ਉਦੇਸ਼ ਦੀ ਪੂਰਤੀ ਹਿੱਤ ਭਾਸ਼ਾ ਵਿਭਾਗ ਸਮੇਂ-ਸਮੇਂ ਤੇ ਸਾਹਿਤਕ ਸਮਾਗਮ ਦਾ ਆਯੋਜਨ ਕਰਦਾ ਰਹਿੰਦਾ ਹੈ। ਇਸੇ ਕੜੀ ਵਿੱਚ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਲੁਧਿਆਣਾ ਵੱਲੋਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਕਹਾਣੀ ਦਰਬਾਰ ਕਰਵਾਇਆ ਗਿਆ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ ਸੰਦੀਪ ਸ਼ਰਮਾ ਨੇ ਸਮਾਗਮ ਦੀ ਸ਼ੁਰੂਆਤ ਵਿੱਚ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਆਪਣੀ ਜ਼ੁਬਾਨ ਦੇ ਇਨ੍ਹਾਂ ਵੱਡੇ ਸਾਹਿਤਕਾਰਾਂ ਨੂੰ ਮਿਲ਼ਣਾ ਵਿਦਿਆਰਥੀਆਂ ਲਈ ਇਕ ਯਾਦਗਾਰੀ ਅਨੁਭਵ ਹੋਵੇਗਾ।

ਰੰਗਕਰਮੀ ਡਾ. ਸੋਮਪਾਲ ਹੀਰਾ ਨੇ ਸਾਰੇ ਮਹਿਮਾਨਾਂ ਨਾਲ਼ ਜਾਣ-ਪਹਿਚਾਣ ਕਰਵਾਈ। ਇਹ ਕਹਾਣੀ ਦਰਬਾਰ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਸੁਖਜੀਤ ਦੀ ਪ੍ਰਧਾਨਗੀ ਵਿੱਚ ਹੋਇਆ। ਢਾਹਾਂ ਪੁਰਸਕਾਰ ਜੇਤੂ ਕਹਾਣੀਕਾਰ ਜਤਿੰਦਰ ਹਾਂਸ ਨੇ ਆਪਣੀ ਕਹਾਣੀ 'ਲੁਤਰੋ' ਅਤੇ ਨੌਜਵਾਨ ਕਹਾਣੀਕਾਰ ਤਰਨ ਬੱਲ ਨੇ ਕਹਾਣੀ 'ਤੇ ਉਹ ਜਾਗਦੀ ਰਹੀ' ਦਾ ਕਹਾਣੀ ਪਾਠ ਕੀਤਾ। ਪ੍ਰਸਿੱਧ ਕਹਾਣੀਕਾਰ ਤੇ ਲਿਖਾਰੀ ਸਭਾ ਰਾਮਪੁਰ ਦੇ ਸਰਪ੍ਰਸਤ ਸੁਰਿੰਦਰ ਰਾਮਪੁਰੀ ਨੇ ਦੋਹਾਂ ਕਹਾਣੀਆਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਦੋਵੇਂ ਕਹਾਣੀਆਂ ਸਾਹਿਤਕ ਨਿਪੁੰਨਤਾ ਭਰਪੂਰ ਸਫ਼ਲ ਕਹਾਣੀਆਂ ਹਨ। ਉਹਨਾਂ ਕਾਲਜ ਵਿਦਿਆਰਥੀਆਂ ਨਾਲ਼ ਕਹਾਣੀ ਪੜ੍ਹਨ ਅਤੇ ਸਮਝਣ ਬਾਰੇ ਵੀ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਪੰਜਾਬੀ ਦੇ ਸਿਰਮੌਰ ਕਹਾਣੀਕਾਰ ਸੁਖਜੀਤ ਨੇ ਵਿਸਥਾਰ ਪ੍ਰਧਾਨਗੀ ਭਾਸ਼ਣ ਵਿੱਚ ਪੰਜਾਬੀ ਨਿੱਕੀ ਕਹਾਣੀ ਦੀ ਅਮੀਰ ਪਰੰਪਰਾ ਬਾਰੇ ਗੱਲ ਕਰਦਿਆਂ ਕਿਹਾ ਕਿ ਅੱਜ ਦੀ ਪੰਜਾਬੀ ਕਹਾਣੀ ਭਾਰਤ ਦੀਆਂ ਬਾਕੀ ਖੇਤਰੀ ਭਾਸ਼ਾਵਾਂ ਦੇ ਮੁਕਾਬਲੇ ਇਕ ਪਛਾਣਯੋਗ ਮੁਕਾਮ 'ਤੇ ਪਹੁੰਚੀ ਹੈ। ਉਹਨਾਂ ਨੇ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਪਾਠਕਾਂ ਦੀ ਸਾਹਿਤ ਨਾਲ਼ ਸਾਂਝ ਪੀਡੀ ਕਰਨ ਵਿੱਚ ਸਹਾਈ ਸਿੱਧ ਹੁੰਦੇ ਹਨ। ਕਾਲਜ ਮੈਨੇਜਮੈਂਟ ਕਮੇਟੀ ਤੋਂ ਪਵਿੱਤਰ ਸਿੰਘ ਪਾਂਘਲੀ ਨੇ ਕਿਹਾ ਕਿ ਪੰਜਾਬੀ ਸਾਹਿਤ ਵਿੱਚ ਸਾਇੰਸ ਨਾਲ਼ ਸੰਬੰਧਤ ਵਿਸ਼ਿਆਂ ਦੀ ਪੇਸ਼ਕਾਰੀ ਦਾ ਰੁਝਾਨ ਵੀ ਪੈਦਾ ਹੋਣਾ ਚਾਹੀਦਾ ਹੈ। ਸਮਾਗਮ ਦੇ ਅੰਤ ਵਿੱਚ ਕਾਰਜਕਾਰੀ ਪ੍ਰਿੰਸੀਪਲ ਨਿਰਲੇਪ ਕੌਰ ਦਿਉਲ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਤੋਂ ਖੋਜ ਅਫਸਰ ਸੰਦੀਪ ਸਿੰਘ ਅਤੇ ਸੁਖਦੀਪ ਸਿੰਘ ਦੀ ਅਗਵਾਈ ਵਿੱਚ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਕਹਾਣੀਕਾਰ ਮੁਖ਼ਤਿਆਰ ਸਿੰਘ, ਲਿਖਾਰੀ ਸਭਾ ਰਾਮਪੁਰ ਦੇ ਪ੍ਰਧਾਨ ਜਸਵੀਰ ਝੱਜ, ਲਿਖਾਰੀ ਸਭਾ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ, ਲੇਖਕ ਬਲਦੇਵ ਝੱਜ, ਬਲਵੰਤ ਮਾਂਗਟ, ਗੁਰਨਾਮ ਸਿੰਘ, ਨੀਤੂ ਰਾਮਪੁਰ, ਨਵਨੀਤ ਮਾਂਗਟ, ਕਾਲਜ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਰਹੇ।

# ਏ.ਐਸ.ਆਈ ਗੁਰਪਾਲ ਸਿੰਘ ਨੇ ਸੰਭਾਲਿਆ ਕਸਬਾ ਦੇਵੀਗੜ੍ਹ ਦਾ ਟਰੈਫਿਕ ਚਾਰਜ



**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ:-** ਸੜਕ 'ਤੇ ਵਿਚਰਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਹੀ ਆਪ ਆਪਣੇ ਪਰਿਵਾਰ ਅਤੇ ਦੂਜਿਆਂ ਦੀ ਜੀਵਨ ਪਾਲਣਾ ਹੈ। ਇਹ ਵਿਚਾਰ ਪ੍ਰੈੱਸ ਨਾਲ ਏਐੱਸਆਈ ਗੁਰਪਾਲ ਸਿੰਘ ਨੇ ਟਰੈਫਿਕ ਪੁਲੀਸ ਦੇਵੀਗੜ੍ਹ ਦਾ ਚਾਰਜ ਸੰਭਾਲਣ ਮੌਕੇ ਸਾਂਝੇ ਕਰਦਿਆਂ ਕਹੇ। ਇਸ ਮੌਕੇ ਪ੍ਰੈੱਸ ਦੇ ਮਾਧਿਅਮ ਰਾਹੀਂ ਇੰਚਾਰਜ ਟ੍ਰੈਫਿਕ ਗੁਰਪਾਲ ਸਿੰਘ ਨੇ ਕਿਹਾ ਕਿ ਸੜਕਾਂ ਤੇ ਹੋਣ ਵਾਲੇ ਹਾਦਸੇ ਟ੍ਰੈਫ਼ਿਕ ਨਿਯਮਾਂ ਬਾਰੇ ਅਧੂਰਾ ਗਿਆਨ ਹੋਣ ਕਾਰਨ ਜ਼ਿਆਦਾਤਰ ਸਾਡੀਆਂ ਆਪਣੀਆਂ ਗਲਤੀਆਂ ਕਾਰਨ ਹੀ ਵਾਪਰਦੇ ਹਨ ਕਿਉਂਕਿ ਖਾਸ ਕਰ ਛੋਟੇ ਬੱਚੇ ਅਤੇ ਬੱਚੀਆਂ ਲਈ ਵਹੀਕਲ ਚਲਾਉਣ ਜਾਂ ਸਿੱਖਣ ਨੂੰ ਲੈ ਕੇ ਵਧ ਰਿਹਾ ਉਤਸਾਹ ਅਤੇ ਅਠਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਪਿਆਂ ਵੱਲੋਂ ਲਾਡ ਪਿਆਰ ਤਹਿਤ ਸੜਕਾਂ ਤੇ ਮੋਟਰ ਸਾਇਕਲ ਜਾਂ ਕਾਰਾਂ ਨੂੰ ਚਲਾਉਣ ਦੀ ਦਿੱਤੀ ਜਾਂਦੀ ਇਜਾਜਤ ਜਿੱਥੇ ਕਾਨੂੰਨੀ ਪ੍ਰਕਿਰਿਆ ਦੀ ਸਖਤ ਉਲੰਘਣਾ ਹੈ ਉਥੇ ਆਪਣੀ ਅਤੇ ਦੂਜਿਆਂ ਦੀ ਜਾਨ ਮਾਲ ਲਈ ਵੀ ਭਾਰੀ ਖ਼ਤਰਾ ਸਾਬਤ ਹੁੰਦੀ ਹੈ। ਇਸ ਮੌਕੇ ਉਨ੍ਹਾਂ ਪ੍ਰੈੱਸ ਦੇ ਮਾਧਿਅਮ ਰਾਹੀਂ ਸ਼ਰਾਬ ਜਾਂ ਕਿਸੇ ਵੀ ਖਤਰਨਾਕ ਸਥਿਤੀ ਪੈਦਾ ਕਰਨ ਵਾਲੇ ਨਸ਼ੇ ਦਾ ਸੇਵਨ ਕਰਕੇ ਸੜਕ ਤੇ ਡਰਾਈਵਿੰਗ ਕਰਨ ਵਾਲਿਆਂ ਜਾਂ ਬੁਲਟ ਮੋਟਰਸਾਈਕਲਾਂ ਦੇ ਪਟਾਕੇ ਪਾ ਕੇ ਹੁੱਲੜਬਾਜ਼ੀ ਕਰਨ ਵਾਲੇ ਭੇੜੇ ਅਨੁਸਾਰ ਨੂੰ ਸਖਤ ਵਾਰਨਿੰਗ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਵੱਲੋਂ ਟਰੈਫਿਕ ਨਿਯਮਾਂ ਨੂੰ ਤੋੜਦਿਆ ਪਾਇਆ ਗਿਆ ਤਾਂ ਸਖਤ ਤੋਂ ਸਖਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਮੌਕੇ ਉਨ੍ਹਾਂ ਦੇ ਨਾਲ ਏਐੱਸਆਈ ਇਕਬਾਲ ਸਿੰਘ, ਅਤੇ ਲਾਲ ਸਿੰਘ ਆਦਿ ਹਾਜ਼ਰ ਸਨ।

# ਨਵੇਂ ਸ਼ੈਸ਼ਨ ਦੌਰਾਨ ਯੂਨੀਵਰਸਿਟੀ ਕਾਲਜ ਮੀਰਾਂਪੁਰ ਨੇ ਵਿਦਿਆਰਥੀਆਂ ਦੇ ਦਾਖਲਿਆਂ ਲਈ ਹੈਲਪ ਡੈਸਕ ਖੋਲਿਆ



**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚੱਲ ਰਹੇ ਕਾਂਸਟੀਚੂਐਂਟ ਕਾਲਜ ਮੀਰਾਂਪੁਰ ਦੇ ਇੰਚਾਰਜ ਪ੍ਰੋ. ਡਾ. ਸੁਰਜੀਤ ਸਿੰਘ ਪੁਆਰ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਾਲ ਸ਼ੈਸ਼ਨ 2022-23 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਅਰਵਿੰਦ ਦੀ ਰਹਿਨੁਮਈ ਹੇਠ ਅਤੇ ਡਾਇਰੈਕਟਰ ਕਾਂਸਟੀਚੂਐਂਟ ਕਾਲਜਾਂ ਤ੍ਰਿਸ਼ਨਜੀਤ ਕੌਰ ਦੀ ਅਗਵਾਈ ਹੇਠ ਇਲਾਕੇ ਦੇ ਵਿਦਿਆਰਥੀਆਂ ਲਈ ਬੀ.ਏ., ਬੀ.ਕਾਮ, ਬੀ.ਸੀ.ਏ., ਬੀ.ਬੀ.ਏ., ਐਮ.ਕਾਮ. ਅਤੇ ਪੀ.ਜੀ.ਡੀ.ਸੀ.ਸੀ.ਏ. ਤੋਂ ਇਲਾਵਾ ਕੁਝ ਨਵੇਂ ਕੋਰਸ ਸ਼ੁਰੂ ਕਰਨ ਜਾ ਰਹੇ ਹਾਂ। ਜਿਸ ਤਹਿਤ ਕਾਲਜ ਵਲੋਂ ਨਵੇਂ ਵਿਦਿਆਰਥੀਆਂ ਦੀ ਸਹੂਲਤ ਲਈ ਹੈਲਪ ਡੈਸਕ ਖੋਲਿਆ ਗਿਆ ਅਤੇ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਡਾ. ਪੁਆਰ ਨੇ ਕਿਹਾ ਕਿ ਵਿਦਿਆਰਥੀ ਇਸ ਹੈਲਪ ਡੈਸਕ ਤੇ ਆ ਕੇ ਕਾਲਜ ਵਿਖੇ ਚੱਲ ਰਹੇ ਕੋਰਸਾਂ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਨ ਅਤੇ ਆਪਣੀ ਰਜਿਟ੍ਰੇਸ਼ਨ ਕਰਵਾ ਕੇ ਸੀਟ ਬੁੱਕ ਕਰਵਾ ਸਕਦੇ ਹਨ। ਉਹਨਾਂ ਕਿਹਾ ਕਿ ਇਨਾਂ ਕੋਰਸਾਂ ਲਈ ਸੀਮਤ ਸੀਟਾਂ ਰੱਖੀਆਂ ਗਈਆਂ ਹਨ। ਇਸ ਤੋਂ ਇਲਾਵਾ ਕਾਲਜ ਵਲੋਂ ਇਸ ਨਵੇਂ ਸ਼ੈਸ਼ਨ ਲਈ ਸੋਲਿਡ ਵੇਸਟ ਮੈਨੇਜਮੈਂਟ ਅਤੇ ਬੈਂਕਿੰਗ ਐਂਡ ਫਾਈਨਾਂਸ ਸਰਟੀਫਿਕੇਟ ਤੇ ਡਿਪਲੋਮਾ ਨਾਂ ਦੇ ਦੋ ਨਵੇਂ ਕੋਰਸ ਸ਼ੁਰੂ ਕਰਵਾਏ ਜਾ ਰਹੇ ਹਨ, ਇਨਾਂ ਕੋਰਸਾਂ ਨੂੰ ਕਰਕੇ ਵਿਦਿਆਰਥੀ ਆਪਣਾ ਕੈਰੀਅਰ ਬਣਾ ਸਕਦੇ ਹਨ ਅਤੇ ਉਹਨਾਂ ਨੂੰ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਵੀ ਨਹੀਂ ਜਾਣਾ ਪਵੇਗਾ। ਉਨਾਂ ਦੱਸਿਆ ਕਿ ਜਿਵੇਂ ਹਸਪਤਾਲਾਂ, ਫੈਕਟਰੀਆਂ ਅਤੇ ਘਰਾਂ ਚੋਂ ਨਿਕਲਣ ਵਾਲਾ ਸੋਲਿਡ ਵੇਸਟ ਦਾ ਸਹੀ ਪ੍ਰਬੰਧਨ ਕਰਕੇ ਵਿਦਿਆਰਥੀ ਆਪਣਾ ਕੈਰੀਅਰ ਬਣਾ ਸਕਦੇ ਹਨ। ਇਸ ਵਿਸ਼ੇ ਨਾਲ ਜੁੜਨ ਵਾਲੇ ਸਾਰੇ ਵਿਦਿਆਰਥੀਆਂ ਲਈ ਇਹ ਕੋਰਸ ਲਾਭਦਾਇਕ ਹੋਵੇਗਾ। ਜੋ ਵੀ ਵਿਦਿਆਰਥੀ ਇਹਨਾਂ ਕੋਰਸਾਂ ਵਿੱਚ ਦਾਖਲਾ ਲੈ ਕੇ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਨ ਉਹ ਵਿਸ਼ੇ ਵਿੱਚ ਦਾਖਲਾ ਲੈ ਸਕਦੇ ਹਨ। ਉਹਨਾਂ ਦੱਸਿਆ ਕਿ ਇਨਾਂ ਸਾਰੇ ਕੋਰਸਾਂ 'ਚ ਦਾਖਲਾ ਲੈਣ ਲਈ ਵਿਦਿਆਥੀ ਦਾ ਬਾਰਵੀਂ ਪਾਸ ਹੋਣਾ ਜਰੂਰੀ ਹੈ।

# ਪੰਜਾਬ ਸਰਕਾਰ ਵੱਲੋ 25454 ਵੱਖ ਵੱਖ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ

**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਵੱਲੋ 26454 ਵੱਖ ਵੱਖ ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸੁਰੂ ਕੀਤੀ ਗਈ ਹੈ । ਜਿਸ ਵਿੱਚ 10000 ਤੋ ਵੱਧ ਅਸਾਮੀਆਂ ਤੇ ਪੁਲਿਸ ਭਰਤੀ ਕੀਤੀ ਜਾਣੀ ਹੈ ਅਤੇ ਨਾਲ ਹੀ ਭਾਰਤੀ ਫੌਜ ਵੱਲੋ ਅਕਤੂਬਰ 2022 ਦੋਰਾਂਨ ਸਿਪਾਹੀ ਜੀ ਡੀ ਦੀ ਭਰਤੀ ਕੀਤੀ ਜਾ ਰਹੀ ਹੈ । ਇਸ ਲਈ ਸੀ ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋ ਆਰਮੀ ਅਤੇ ਪੰਜਾਬ ਪੁਲਿਸ ਦੀ ਭਰਤੀ ਲਈ 1 ( ਇੱਕ ) ਜੂਨ 2022 ਤੋ ਟਰੇਨਿੰਗ ਸੁਰੂ ਕੀਤੀ ਜਾ ਰਹੀ ਹੈ । ਇਹ ਜਾਣਕਾਰੀ ਦਿੰਦਿਆ ਜਿਲ੍ਹਾ ਰੋਜਗਾਰ ਜਨਰੇਸ਼ਨ ਅਤੇ ਟਰੇਨਿੰਗ ਅਫਸਰ ਸ੍ਰੀ ਪ੍ਰਸੋਤਮ ਸਿੰਘ ਨੇ ਦੱਸਿਆ ਕਿ ਜਿਲ੍ਹਾ ਗੁਰਦਾਸਪੁਰ ਦੇ ਉਹ ਨੋਜਵਾਨ ਜੋ ਕਿ ਆਉਣ ਵਾਲੇ ਸਮੇ ਵਿੱਚ ਫੋਜ , ਪੈਰਾਮਿਲਟਰੀ ਫੋਰਸਿਸ ਅਤੇ ਪੰਜਾਬ ਪਲਿਸ ਵਿੱਚ ਭਰਤੀ ਹੋਣਾ ਚਾਹੁੰਦੇ ਹਨ , ਉਹ ਟਰੇਨਿੰਗ ਲੈਣ ਲਈ ਸਕਰੀਨਿੰਗ ਟੈਸਟ ਵਾਸਤੇ ਸੀ ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਮੰਗਲਵਾਰ ਅਤੇ ਵੀਰਵਾਰ ਵਾਲੇ ਦਿਨ ਸਵੇਰੇ 9-00 ਵਜੇ ਹਾਜਰ ਹੋ ਸਕਦੇ ਹਨ । ਜੋ ਉਮੀਦਵਾਰ ਆਰਮੀ ਵਿੱਚ ਜੀ ਡੀ ਭਰਤੀ ਦੇਖਣਾ ਚਾਹੁੰਦੇ ਹਨ । ਉਹਨਾਂ ਦੀ ਉਮਰ 17. 5 ਸਾਲ ਤੋ ਲੈ ਕੇ 21 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ । ਕੱਦ 170 ਸੈਮੀ: , ਛਾਤੀ 77 ਤੋ 82 ਸੈਮੀ: ਹੋਣੀ ਚਾਹੀਦੀ ਹੈ । ਇਸੇ ਤਰ੍ਹਾਂ ਪੈਰਮਿਲਟਰੀ ਅਤੇ ਪੁਲਿਸ ਭਰਤੀ ਦੇ ਚਾਹਵਾਨ ਨੋਜਵਾਨਾਂ ਦਾ ਵੀ ਮਾਪਦੰਡ ਸਰਤਾ ਅਨੁਸਾਰ ਪੂਰਾ ਹੋਣਾ ਚਾਹੀਦਾ ਹੈ । ਇਹ ਟਰੇਨਿੰਗ ਕੇਵਲ ਉਸ ਨੂੰ ਹੀ ਦਿੱਤੀ ਜਾਵੇਗੀ ਜੋ ਭਰਤੀ ਲਈ ਲੋੜੀਦੀਆਂ ਯੋਗਤਾ ਅਤੇ ਸਰੀਰਕ ਯੋਗਤਾਵਾਂ ਨੂੰ ਪੂਰੀਆਂ ਕਰਦਾ ਹੋਵੇ । ਇਸ ਟਰੇਨਿੰਗ ਦੌਰਾਨ ਸਿਖਿਆਰਥੀ ਨੂੰ ਰਿਹਾਇਸ ਅਤੇ ਖਾਣਾ ਮੁਫਤ ਦਿੱਤਾ ਜਾਵੇਗਾ ਅਤੇ ਟਰੇਨਿੰਗ ਲਈ ਕੋਈ ਵੀ ਫੀਸ ਚਾਰਜ ਨਹੀ ਕੀਤੀ ਜਾਵੇਗੀ । ਇਸ ਟਰੇਨਿੰਗ ਲਈ ਸੀਮਿਤ ਉਮੀਦਵਾਰਾਂ ਦੀ ਚੋਣ ਕੀਤੀ ਜਾਵੇਗੀ । ਵਧੇਰੇ ਜਾਣਕਾਰੀ ਲਈ ਨਵਜੋਧ ਸਿੰਘ ਕੈਂਪ ਇੰਚਾਰਜ ਸੀ ਪਾਈਟ ਡੇਰਾ ਬਾਬਾ ਨਾਨਕ ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

# ਭਗਵੰਤ ਮਾਨ ਸਰਕਾਰ ਦੀ ਖੁੱਲ੍ਹੀ ਪੋਲ; ਅਬਾਦਕਾਰ ਕਿਸਾਨ-ਮਜ਼ਦੂਰਾਂ ਦੀਆਂ ਜ਼ਮੀਨਾਂ ਤੇ ਸਰਕਾਰ ਵੱਲੋਂ ਧੱਕੇ ਨਾਲ ਕੀਤਾ ਕਬਜ਼ਾ



**ਪਟਿਆਲਾ/ਇਕਬਾਲ ਸਿੰਘ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰੈਸ ਆਗੂ ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ ਨੇ ਦੱਸਿਆ ਕਿ ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਬਾਦਕਾਰ ਕਿਸਾਨਾਂ ਮਜ਼ਦੂਰਾਂ ਦੀਆਂ ਜ਼ਮੀਨਾਂ ਤੇ ਸਰਕਾਰ ਵੱਲੋਂ ਧੱਕੇ ਨਾਲ ਕਬਜ਼ਾ ਕਰ ਕੇ ਉਨ੍ਹਾਂ ਦਾ ਉਜਾੜਾ ਕੀਤਾ ਜਾ ਰਿਹਾ। ਜਿਸ ਦਾ ਜਥੇਬੰਦੀ ਵੱਲੋਂ ਡਟ ਕੇ ਵਿਰੋਧ ਕੀਤਾ ਜਾਵੇਗਾ ਤੇ ਕਿਸੇ ਵੀ ਕੀਮਤ ਤੇ ਅਬਾਦਕਾਰਾਂ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਰਕਾਰ ਨੂੰ ਵੱਡੀਆਂ ਮੱਛੀਆਂ ਫੜਨੀਆਂ ਚਾਹੀਦੀਆਂ ਹਨ, ਜਿਵੇਂ ਸਾਬਕਾ ਮੁੱਖ ਮੰਤਰੀ, ਮੰਤਰੀ, ਐਮ.ਐਲ.ਏ, ਅਫ਼ਸਰਸ਼ਾਹੀ, ਮਾਫ਼ੀਆ ਤੇ ਧਨਾਢ ਲੋਕਾਂ ਵੱਲੋਂ ਲੱਖਾਂ ਏਕੜ ਜ਼ਮੀਨਾਂ ਤੇ ਕਬਜ਼ਾ ਕੀਤਾ ਹੋਇਆ ਹੈ, ਪਰ ਭਗਵੰਤ ਮਾਨ ਸਰਕਾਰ ਮਿਲੀਭੁਗਤ ਨਾਲ ਉਹਨਾਂ ਨੂੰ ਬਚਾ ਰਹੀ ਤੇ ਛੋਟੇ ਤੇ ਗ਼ਰੀਬ ਕਿਸਾਨਾਂ ਨੂੰ ਉਜਾੜ ਰਹੀ ਹੈ। ਸਕੂਲਾਂ ਦੇ ਪ੍ਰਬੰਧ ਤੇ ਅੰਨ੍ਹੀ ਲੁੱਟ ਤੇ ਬੋਲਦਿਆਂ ਕਿਹਾ ਕਿ ਸਿੱਖਿਆ ਦਾ ਪ੍ਰਬੰਧ ਵੀ ਮਾਫੀਆ ਹੱਥਾਂ ਵਿੱਚ ਜਕੜਿਆ ਪਿਆ ਹੈ।ਨਿੱਜੀ ਤੇ ਪ੍ਰਾਈਵੇਟ ਸਕੂਲਾਂ ਵਾਲੇ ਮਨਮਰਜ਼ੀ ਨਾਲ ਬੱਚਿਆਂ ਦੇ ਮਾਪਿਆਂ ਨੂੰ ਲੁੱਟ ਰਹੇ ਹਨ, ਤਰ੍ਹਾਂ ਤਰ੍ਹਾਂ ਦੇ ਬਿਲਡਿੰਗ ਫੰਡ ਸਮੇਤ ਅਣ-ਅਧਿਕਾਰਤ ਫੰਡ ਵਸੂਲੇ ਜਾ ਰਹੇ ਹਨ ਤੇ ਕਿਤਾਬਾਂ ਕਾਪੀਆਂ ਵਿੱਚ ਵੀ ਵੱਡੀ ਪੱਧਰ ਤੇ ਲੁੱਟ ਕੀਤੀ ਜਾ ਰਹੀ ਹੈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਜ਼ਿਲ੍ਹੇ 'ਚ ਹੁਣ ਤੱਕ 368 ਏਕੜ 16 ਮਰਲੇ ਪੰਚਾਇਤੀ ਜ਼ਮੀਨ ਤੋਂ ਛੁਡਵਾਏ ਨਾਜਾਇਜ਼ ਕਬਜ਼ੇ- ਸਾਕਸ਼ੀ ਸਾਹਨੀ



**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਤੋਂ ਕਬਜ਼ੇ ਛੁਡਵਾਉਣ ਦੀ ਅਰੰਭੀ ਮੁਹਿੰਮ ਤਹਿਤ ਜ਼ਿਲ੍ਹੇ ਅੰਦਰ ਹੁਣ ਤੱਕ 368 ਏਕੜ 16 ਮਰਲੇ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਗਏ ਹਨ। ਟੀਮ ਪਟਿਆਲਾ ਅਤੇ ਪੰਚਾਇਤੀ ਵਿਭਾਗ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਸਾਕਸ਼ੀ ਸਾਹਨੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕਬਜ਼ਿਆਂ ਹੇਠੋਂ ਛੁਡਵਾਈਆਂ ਗਈਆਂ ਇਨ੍ਹਾਂ ਖੇਤੀਬਾੜੀ ਦੀਆਂ ਜ਼ਮੀਨਾਂ ਦੀ ਖੁੱਲ੍ਹੀ ਬੋਲੀ ਕਰਕੇ ਪਾਰਦਰਸ਼ੀ ਢੰਗ ਨਾਲ ਚਕੋਤੇ 'ਤੇ ਚੜ੍ਹਾਇਆ ਜਾ ਰਿਹਾ ਹੈ ਅਤੇ ਇਹ ਜ਼ਮੀਨਾਂ ਲੈਣ ਵਾਲੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਹੀ ਕਰਨ ਲਈ ਪਾਬੰਦ ਕੀਤਾ ਜਾ ਰਿਹਾ ਹੈ।

ਡੀ.ਸੀ. ਨੇ ਅੱਗੇ ਦੱਸਿਆ ਕਿ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਈਸ਼ਾ ਸਿੰਘਲ ਦੀ ਦੇਖ-ਰੇਖ ਹੇਠਲੀ ਟੀਮ ਪਟਿਆਲਾ, ਜਿਸ ਦੀ ਅਗਵਾਈ ਅੱਗੇ ਹੋ ਕੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੁਖਚੈਨ ਸਿੰਘ ਪਪੜਾ ਕਰ ਰਹੇ ਹਨ, ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਮਾਲ ਵਿਭਾਗ ਅਤੇ ਪੁਲਿਸ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸ ਟੀਮ ਨੇ ਅੱਜ 2 ਕਬਜ਼ਾ ਵਾਰੰਟਾਂ 'ਤੇ ਕਾਰਵਾਈ ਕਰਦਿਆਂ 23 ਏਕੜ 5 ਕਨਾਲ 17 ਮਰਲੇ ਪਾਤੜਾਂ ਬਲਾਕ ਦੀ ਪੰਚਾਇਤੀ ਜ਼ਮੀਨ ਪਿੰਡ ਖਾਂਗ ਦੀ ਗ੍ਰਾਮ ਪੰਚਾਇਤ ਦੇ ਸਪੁਰਦ ਕੀਤੀ।

ਇਸ ਵਿੱਚੋਂ 7 ਏਕੜ 4 ਕਨਾਲ 16 ਮਰਲੇ ਜਮੀਨ ਦੀ ਸਾਲ 2022-23 ਲਈ 8800 ਰੁਪਏ 'ਚ ਬੋਲੀ ਹੋਈ। ਜਦਕਿ ਕਬਜ਼ਾ ਵਾਰੰਟਾਂ ਤਹਿਤ 107 ਏਕੜ 2 ਕਨਾਲ 15 ਮਰਲੇ ਜਮੀਨ ਪਹਿਲਾਂ ਹੀ ਨਾਜਾਇਜ਼ ਕਾਬਜ਼ਕਾਰਾਂ ਵੱਲੋਂ ਆਪਣੀ ਸਵੈਇੱਛਾ ਨਾਲ ਗ੍ਰਾਮ ਪੰਚਾਇਤ ਦੇ ਸਪੁਰਦ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ 130 ਏਕੜ 12 ਮਰਲੇ ਜ਼ਮੀਨ ਗ੍ਰਾਮ ਪੰਚਾਇਤ ਕੋਲ ਵਾਪਸ ਆਈ ਹੈ ਜਦਕਿ 31 ਲੱਖ 46 ਹਜ਼ਾਰ 600 ਰੁਪਏ 2016 ਤੋਂ 2021 ਤੱਕ ਦੇ ਵੀ ਜਮ੍ਹਾਂ ਕਰਵਾਏ ਗਏ ਹਨ। ਇਸ ਤੋਂ ਇਲਾਵਾ ਹਾਮਝੜੀ ਗ੍ਰਾਮ ਪੰਚਾਇਤ ਦੀ ਜਮੀਨ ਦੇ 2021-21 ਦੇ ਚਕੋਤੇ ਦੀ ਰਕਮ 51375 ਰੁਪਏ ਵੱਖਰੇ ਤੌਰ 'ਤੇ ਜਮ੍ਹਾ ਕਰਵਾਈ ਗਈ ਅਤੇ 133 ਏਕੜ 12 ਮਰਲੇ ਜ਼ਮੀਨ ਗ੍ਰਾਮ ਪੰਚਾਇਤ ਦੇ ਸਪੁਰਦ ਹੋ ਚੁੱਕੀ ਹੈ। ਇਸ ਦੇ ਨਾਲ ਹੀ ਬਲਾਕ ਰਾਜਪੁਰਾ ਦੇ ਪਿੰਡ ਸਲੇਮਪੁਰ ਨੰਗਲ ਦੀ ਗ੍ਰਾਮ ਪੰਚਾਇਤ ਕੋਲ ਵੀ 1 ਏਕੜ 4 ਕਨਾਲ ਜਮੀਨ ਵਾਪਸ ਆਈ, ਇਸ ਦਾ ਕੇਸ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਚਾਇਤ ਦੇ ਹੱਕ 'ਚ ਕੀਤਾ ਸੀ ਅਤੇ ਇਸ ਦੀ ਵੀ 1 ਲੱਖ 50 ਹਜ਼ਾਰ ਰੁਪਏ 'ਤੇ ਬੋਲੀ ਹੋਈ ਹੈ। ਦੱਸਣਯੋਗ ਹੈ ਕਿ ਡੀ.ਡੀ.ਪੀ.ਓ.-ਕਮ-ਕੁਲੈਕਟਰ ਪਟਿਆਲਾ ਦੀ ਅਦਾਲਤ ਨੇ ਪੰਜਾਬ ਵਿਲੇਜ਼ ਕਾਮਨ ਲੈਂਡਜ਼ ਐਕਟ 1961 ਦੀ ਧਾਰਾ 7 ਤਹਿਤ ਇਨ੍ਹਾਂ ਜ਼ਮੀਨਾਂ ਨੂੰ ਛੁਡਵਾਉਣ ਦਾ ਫੈਸਲਾ ਸੁਣਾਇਆ ਸੀ।

# ਸਿੱਧੂ ਮੂਸੇਵਾਲੇ ਦੀ ਹੱਤਿਆ ਦੀ ਹੋਵੇ ਨਿਰਪੱਖ ਜਾਂਚ : ਗੁਰਜੰਟ ਨਿਜਾਮਪੁਰ



**ਪਟਿਆਲਾ/ਦੇਵੀਗੜ੍ਹ/ਇਕਬਾਲ ਸਿੰਘ**

ਜਿਵੇਂ ਹੀ ਬੀਤੇ ਦਿਨੀਂ ਪ੍ਰਸਿੱਧ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਦੀ ਖਬਰ ਆਈ ਤਾਂ ਸਮਾਜ ਵਿਚ ਸੋਗ ਦੀ ਲਹਿਰ ਫੈਲ ਗਈ। ਸਿੱਧੂ ਮੂਸੇਵਾਲਾ ਦੀ ਮੌਤ ਤੇ ਆਪਣਾ ਤਿੱਖਾ ਪ੍ਰਤੀਕਰਮ ਦਿੰਦਿਆਂ ਗੁਰਜੰਟ ਨਿਜਾਮਪੁਰ ਨੇ ਕਿਹਾ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕੁਝ ਦਿਨ ਪਹਿਲਾਂ ਹੀ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਪੰਜਾਬ ਸਰਕਾਰ ਨੇ ਘੱਟ ਕੀਤੀ ਸੀ, ਜਿਸ ਦਾ ਫਾਇਦਾ ਉਠਾਦਿਆਂ ਸਿੱਧੂ ਮੂਸੇਵਾਲਾ ਨੂੰ ਗੋਲੀਆਂ ਮਾਰੀਆਂ ਗਈਆਂ। ਇਸ ਘਟਨਾ ਦੌਰਾਨ ਹੋਈ ਹੱਤਿਆ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਅੱਗੇ ਤੋਂ ਹੋਰ ਕੋਈ ਇਸ ਘਟਨਾ ਦਾ ਸ਼ਿਕਾਰ ਨਾ ਹੋ ਸਕੇ। ਉਹਨਾਂ ਪੰਜਾਬ ਸਰਕਾਰ ਤੋਂ ਪੁਰਜੋਰ ਮੰਗ ਕਰਦਿਆਂ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਕੰਟਰੋਲ ਕਰੇ।

# ਕੋਵਿਡ ਕਰਕੇ ਮਾਪੇ ਗਵਾਉਣ ਵਾਲੀ ਲੜਕੀ ਨੂੰ ਪੀ.ਐਮ. ਕੇਅਰਸ ਫਾਰ ਚਿਲਡਰਨ ਸਕੀਮ ਦੇ ਦਸਤਾਵੇਜ ਸੌਂਪੇ

## ਵਿਧਾਇਕ ਪਠਾਣਮਾਜਰਾ, ਗੁਰਲਾਲ, ਬਾਜ਼ੀਗਰ ਤੇ ਡੀ.ਸੀ. ਵੱਲੋਂ ਬੱਚੀ ਨੂੰ ਸੁਪਨੇ ਸਾਕਾਰ ਕਰਨ ਲਈ ਨਾਲ ਖੜ੍ਹੇ ਰਹਿਣ ਦਾ ਭਰੋਸਾ



**ਪਟਿਆਲਾ/ਇਕਬਾਲ ਸਿੰਘ**

ਪਟਿਆਲਾ ਜ਼ਿਲ੍ਹੇ ਦੇ ਵਿਧਾਇਕਾਂ ਹਰਮੀਤ ਸਿੰਘ ਪਠਾਣਮਾਜਰਾ, ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜ਼ੀਗਰ ਅਤੇ ਚੇਤਨ ਸਿੰਘ ਜੌੜਾਮਾਜਰਾ ਦੀ ਤਰਫ਼ੋਂ ਉਨ੍ਹਾਂ ਦੀ ਸੁਪਤਨੀ ਸ਼ਰਨਜੀਤ ਕੌਰ ਸਮੇਤ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਕੋਵਿਡ-19 ਮਹਾਂਮਾਰੀ 'ਚ ਆਪਣੇ ਮਾਤਾ-ਪਿਤਾ ਗਵਾਉਣ ਵਾਲੀ ਹਲਕਾ ਸਨੌਰ ਦੀ ਵਸਨੀਕ ਲੜਕੀ ਪ੍ਰਗਤੀ ਤਨੇਜਾ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੀ.ਐਮ. ਕੇਅਰਸ ਫਾਰ ਚਿਲਡਰਨ ਸਕੀਮ ਦੇ ਦਸਤਾਵੇਜ ਸੌਂਪੇ। ਵਿਧਾਇਕ ਸਾਹਿਬਾਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਨ-ਲਾਈਨ ਪ੍ਰੋਗਰਾਮ ਦੌਰਾਨ ਦੇਸ਼ ਭਰ 'ਚ ਅਜਿਹੇ ਬੱਚਿਆਂ ਨੂੰ ਪੀ.ਐਮ. ਕੇਅਰਜ ਫਾਰ ਚਿਲਰਡਨ ਸਕੀਮ ਤਹਿਤ ਵੱਖ-ਵੱਖ ਸਰਕਾਰੀ ਸਕੀਮਾਂ ਦੇ ਲਾਭ ਪ੍ਰਦਾਨ ਕਰਨ ਲਈ ਕਰਵਾਏ ਵੀਡੀਓ ਕਾਨਫਰੰਸਿੰਗ ਰਾਹੀਂ ਹੋਏ ਪ੍ਰੋਗਰਾਮ ਮੌਕੇ ਪਟਿਆਲਾ ਜ਼ਿਲ੍ਹੇ ਦੀ ਲੜਕੀ ਪ੍ਰਗਤੀ ਤਨੇਜਾ ਨੂੰ ਇਹ ਵਿਸ਼ਵਾਸ਼ ਦੁਆਇਆ, ਕਿ ਉਸ ਦੇ ਸੁਪਨੇ ਸਾਕਾਰ ਕਰਨ ਲਈ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਦਾ ਹੀ ਉਸਦੇ ਨਾਲ ਖੜ੍ਹੇਗੀ। ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਰਕਾਰ ਦੇ ਹੁਕਮਾਂ ਮੁਤਾਬਕ ਸਾਰੇ ਜ਼ਿਲ੍ਹਿਆਂ ਦੇ ਜ਼ਿਲ੍ਹਾ ਮੈਜਿਸਟਰੇਟ ਕੋਵਿਡ ਮਹਾਂਮਾਰੀ 'ਚ ਆਪਣੇ ਮਾਪੇ ਜਾਂ ਕਾਨੂੰਨੀ ਵਾਰਸ ਗੁਆਉਣ ਵਾਲੇ ਬੱਚਿਆਂ ਦੀ ਦੇਖ-ਭਾਲ ਲਈ ਜਿੰਮੇਵਾਰ ਹਨ। ਇਸ ਲਈ ਪਟਿਆਲਾ ਜ਼ਿਲ੍ਹੇ 'ਚ ਇੱਕ ਬੱਚੀ ਪ੍ਰਗਤੀ ਤਨੇਜਾ ਹੈ, ਜੋ ਕਿ ਇਸ ਸਮੇਂ ਬੀ.ਕਾਮ-1 ਦੀ ਵਿਦਿਆਰਥਣ ਹੈ ਅਤੇ ਉਹ ਭਵਿੱਖ 'ਚ ਬੈਂਕਿੰਗ ਸੈਕਟਰ 'ਚ ਜਾਣਾ ਚਾਹੁੰਦੀ ਹੈ, ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਹਰ ਸੰਭਵ ਸਹਾਇਤਾ ਅਤੇ ਅਗਵਾਈ ਪ੍ਰਦਾਨ ਕੀਤੀ ਜਾਵੇਗੀ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਕਰਕੇ ਆਪਣੇ ਮਾਪੇ ਗੁਆ ਚੁੱਕੀ ਬੱਚੀ ਪ੍ਰਗਤੀ ਦੀ ਸਿੱਖਿਆ, ਸਿਹਤ ਅਤੇ ਉਸਦੇ ਬਿਹਤਰ ਭਵਿੱਖ ਦੀ ਚਿੰਤਾ ਸਰਕਾਰ ਕਰੇਗੀ। ਵਿਧਾਇਕ ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜੀਗਰ ਤੇ ਚੇਤਨ ਸਿੰਘ ਜੌੜਾਮਾਜਰਾ ਦੀ ਸੁਪਤਨੀ ਸ਼ਰਨਜੀਤ ਕੌਰ ਨੇ ਕਿਹਾ ਕਿ ਅਜਿਹੇ ਬੱਚਿਆਂ ਦੀ ਤਕਲੀਫ਼ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ ਪਰੰਤੂ ਇਨ੍ਹਾਂ ਦੇ ਸਾਹਮਣੇ ਜੋ ਚੁਣੌਤੀਆਂ ਦਾ ਅੰਬਾਰ ਲੱਗਿਆ ਹੋਇਆ ਹੈ ਦੇ ਹੱਲ ਲਈ ਕੇਂਦਰ ਤੇ ਰਾਜ ਸਰਕਾਰ ਸਮੇਤ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਬਣਦੀ ਜ਼ਿੰਮੇਵਾਰੀ ਬਾਖੂਬੀ ਨਿਭਾਏਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੀਐਮ ਕੇਅਰਸ ਫਾਰ ਚਿਲਡਰਨ ਸਕੀਮ ਤਹਿਤ ਵਿੱਤੀ ਸਹਾਇਤਾ, ਸਿੱਖਿਆ, ਸਿਹਤ ਸਮੇਤ ਹਰ ਤਰ੍ਹਾਂ ਦੀ ਸਹਾਇਤਾ ਲਈ ਅਜਿਹੇ ਬੱਚਿਆਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਸ ਮੌਕੇ ਏ.ਡੀ.ਸੀ. (ਯੂ.ਡੀ.) ਗੌਤਮ ਜੈਨ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨਰੇਸ਼ ਕੰਬੋਜ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਸ਼ਾਇਨਾ ਕਪੂਰ ਅਤੇ ਹੋਰ ਪਤਵੰਤੇ ਮੌਜੂਦ ਸਨ।

# ਜਿਤੇਗਾ ਪੰਜਾਬ ਲੋਗੋ ਨਹੀਂ ਇੱਕ ਸੋਚ ਹੈ: ਸੈਰੀ ਰਿਆੜ

**ਪਟਿਆਲਾ/ਇਕਬਾਲ ਸਿੰਘ**

ਜਿਵੇਂ ਕਿ ਤੁਸੀਂ ਜਾਣਦੇ ਹੋ ਕਿ ਨਵਜੋਤ ਸਿੰਘ ਸਿੱਧੂ ਰੋਡਰੇਜ ਕੇਸ ਵਿੱਚ ਇੱਕ ਸਾਲ ਦੀ ਸਜਾ ਕੱਟ ਰਹੇ ਹਨ ਤੇ ਉਹਨਾਂ ਦੇ ਜੇਲ ਜਾਣ ਤੋਂ ਬਾਅਦ ਬੀਤੇ ਦਿਨੀਂ ਉਹਨਾਂ ਦੇ ਕਰੀਬੀ ਅਤੇ ਸਮਰਥਕ ਮੰਨੇ ਜਾਂਦੇ ਸਨੌਰ ਤੋਂ ਯੂਥ ਆਗੂ ਮਨਸਿਮਰਤ ਸਿੰਘ ਸੈਰੀ ਰਿਆੜ ਨੇ ਪਟਿਆਲਾ ਦੇ ਵੱਖ ਵੱਖ ਥਾਵਾਂ ਤੇ ਜਿੱਤੇਗਾ ਪੰਜਾਬ ਦੇ ਪੋਸਟਰ ਲਾਏ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੈਰੀ ਰਿਆੜ ਨੇ ਕਿਹਾ ਕਿ ਜਿੱਤੇਗਾ ਪੰਜਾਬ ਇੱਕ ਲੋਗੋ ਨਹੀਂ ਇੱਕ ਸੋਚ ਹੈ, ਇਹ ਪੋਸਟਰ ਪੋਲੀਟੀਕਲ ਨਹੀਂ ਹਨ, ਇਹ ਸੋਚ ਨਵਜੋਤ ਸਿੱਧੂ ਦੀ ਪੰਜਾਬ ਪੱਖੀ ਅਤੇ ਪੰਜਾਬ ਨੂੰ ਮੁੜ ਸੁਰਜੀਤ ਕਰਨ ਦੀ ਸੋਚ ਹੈ,ਉਹਨਾਂ ਕਿਹਾ ਕਿ ਉਹ ਨਵਜੋਤ ਸਿੰਘ ਸਿੱਧੂ ਜੀ ਦਾ ਪੰਜਾਬ ਪੱਖੀ ਏਜੰਡਾ ਘਰ ਘਰ ਪਹੁੰਚਾਣਗੇ। ਪੰਜਾਬ ਅਤੇ ਪੰਜਾਬੀ ਪਹਿਲਾਂ ਵਾਂਗ ਹੁਣ ਵੀ ਨਵਜੋਤ ਸਿੰਘ ਸਿੱਧੂ ਨਾਲ ਹਨ। ਉਹਨਾਂ ਕਿਹਾ ਕਿ ਜਿੱਤੇਗਾ ਪੰਜਾਬ ਨਵਜੋਤ ਸਿੱਧੂ ਦੀ ਸੋਚ ਹੈ ਅਤੇ ਉਹ ਇਸ ਸੋਚ ਤੇ ਪਹਿਰਾ ਦਿੰਦੇ ਰਹਿਣਗੇ। ਨਵਜੋਤ ਸਿੱਧੂ ਨੇ ਪੰਜਾਬ ਪਿੱਛੇ ਵੱਡੇ ਵੱਡੇ ਅਹੁਦਿਆਂ ਸਮੇਤ ਟੀਵੀ ਸ਼ੋਅ, ਕ੍ਰਿਕਟ ਮੈਚ ਦੀ ਕਮੈਂਟਰੀ ਛੱਡੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸਮਾਂ ਦੇ ਸਕਣ। ਵੋਟਾਂ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਕੋਲ ਪੰਜਾਬ ਮਾਡਲ ਸੀ ਜਿਸ ਵਿੱਚ ਪੰਜਾਬ ਨੂੰ ਮੁੜ ਸੋਨੇ ਦੀ ਚਿੜੀ ਬਨਾਉਣ ਦੇ ਹਰ ਸਵਾਲ ਦੇ ਜਵਾਬ ਸਨ।

# ਡਿਪਟੀ ਕਮਿਸ਼ਨਰ ਵੱਲੋਂ 'ਪੀ.ਐਮ. ਕੇਅਰਜ਼ ਫਾਰ ਚਿਲਡਰਨ ਸਕੀਮ' ਤਹਿਤ 3 ਬੱਚਿਆਂ ਨੂੰ ਦਿੱਤਾ ਲਾਭ

## - ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੇ ਕੱਲ੍ਹ ਲਾਂਚ ਕੀਤੀ ਗਈ ਸਕੀਮ




**ਲੁਧਿਆਣਾ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ ਭਾਂਬਰੀ**

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਅੱਜ 3 ਬੱਚਿਆਂ ਨੂੰ 'ਪੀ.ਐਮ. ਕੇਅਰਜ਼ ਫਾਰ ਚਿਲਡਰਨ ਸਕੀਮ' ਦਾ ਲਾਭ ਦਿੱਤਾ ਗਿਆ ਜ਼ਿਨ੍ਹਾਂ ਦੇ ਮਾਤਾ-ਪਿਤਾ ਦੀ ਕੋਵਿਡ ਮਹਾਂਮਾਰੀ ਕਰਕੇ ਮੌਤ ਹੋ ਚੁੱਕੀ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋ 'ਪੀ.ਐਮ. ਕੇਅਰਜ਼ ਫਾਰ ਚਿਲਡਰਨ ਸਕੀਮ' ਨੂੰ ਬੀਤੇ ਕੱਲ ਲਾਂਚ ਕੀਤਾ ਗਿਆ ਸੀ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਦਾ ਮੁੱਖ ਮੰਤਵ ਕੋਵਿਡ-19 ਮਹਾਂਮਾਰ ਨਾਲ ਜਿੰਨਾ ਬੱਚਿਆਂ ਦੇ ਮਾਤਾ-ਪਿਤਾ ਦੋਵੇਂ ਲੀਗਲ ਗਾਰਡੀਅਨ/ਅਡਾਪਟਿਵ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਬੱਚਿਆਂ ਨੂੰ 23 ਸਾਲ ਦੀ ਉਮਰ ਤੱਕ ਮੁਫ਼ਤ ਸਕੂਲੀ ਸਿੱਖਿਆ ਦੇ ਨਾਲ-ਨਾਲ ਉੱਚ ਸਿੱਖਿਆ ਲਈ ਐਜੂਕੇਸ਼ਨ ਲੋਨ ਦੀ ਸਹਾਇਤਾ, ਸਿੱਖਿਆ ਕਰਜ਼ੇ ਦੇ ਵਿਆਜ ਦੀ ਅਦਾਇਗੀ ਪੀ ਐੱਮ ਕੇਅਰਜ ਦੁਆਰਾ, ਆਯੁਸ਼ਮਾਨ ਭਾਰਤ ਯੋਜਨਾ ਦੇ ਤਹਿਤ 23 ਸਾਲ ਦੀ ਉਮਰ ਤੱਕ 5 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਸੁਨਿਸ਼ਚਿਤ, ਬੀਮੇ ਦੇ ਪ੍ਰੀਮੀਅਮ ਦਾ ਭੁਗਤਾਨ ਪੀ.ਐਮ. ਕੇਅਰਜ ਦੁਆਰਾ, 18 ਸਾਲ ਦੀ ਉਮਰ ਹੋਣ 'ਤੇ ਵਿਅਕਤੀਗਤ ਜ਼ਰੂਰਤਾਂ ਦੇ ਲਈ ਮਾਸਿਕ ਵਿੱਤੀ ਸਹਾਇਤਾ, 23 ਸਾਲ ਦੀ ਉਮਰ ਪੂਰੀ ਹੋਣ 'ਤੇ ਪੀਐੱਮ ਕੇਅਰਜ ਤੋਂ 10 ਲੱਖ ਰੁਪਏ ਦੀ ਸਹਾਇਤਾ, ਪਹਿਲੀ ਤੋਂ 12ਵੀਂ ਕਲਾਸ ਤੱਕ ਦੇ ਬੱਚਿਆਂ ਲਈ 20 ਹਜ਼ਾਰ ਰੁਪਏ ਪ੍ਰਤੀ ਸਾਲ ਦਾ ਵਜ਼ੀਫ਼ਾ, ਸਕਿੱਲ ਟ੍ਰੇਨਿੰਗ ਲਈ 'ਕਰਮਾ ਸਕੀਮ' ਟੈਕਨੀਕਲ ਐਜੂਕੇਸ਼ਨ ਲਈ ਸਵਾਨਾਥ ਸਕਾਲਰਸ਼ਿਪ, 50 ਹਜ਼ਾਰ ਰੁਪਏ ਦੀ ਅਨੁਗ੍ਰਹਿ (ਐਕਸ-ਗ੍ਰੇਸ਼ੀਆ) ਰਾਸ਼ੀ ਆਦਿ ਸਹੂਲਤਾਂ 'ਪੀ.ਐਮ. ਕੇਅਰਜ਼ ਫਾਰ ਚਿਲਡਰਨ ਸਕੀਮ' ਤਹਿਤ ਦਿੱਤੀਆਂ ਜਾਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਜਿਲ੍ਹਾ ਲੁਧਿਆਣਾ ਦੇ 3 ਬੱਚਿਆਂ ਜਿੰਨ੍ਹਾ ਦੇ ਮਾਤਾ-ਪਿਤਾ ਦੀ ਕੋਵਿਡ-19 ਨਾਲ ਮੌਤ ਹੋ ਚੁੱਕੀ ਹੈ, ਉਨ੍ਹਾਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਗਿਆ ਹੈ।

ਅੱਜ ਨੈਸ਼ਨਲ ਪੱਧਰ ਤੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਵੱਲੋ ਵੱਖ-ਵੱਖ ਰਾਜਾਂ ਦੇ ਵੱਖ-ਵੱਖ ਜਿਲ੍ਹਿਆਂ ਦੇ ਬੱਚਿਆਂ ਨੂੰ ਸੰਬੋਧਿਤ ਕੀਤਾ ਗਿਆ। ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਵੱਲੋ ਮਾਨਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਵੱਲੋ ਪ੍ਰਾਪਤ ਸੁਨੇਹ ਪੱਤਰ, 5 ਲੱਖ ਤੱਕ ਸਿਹਤ ਬੀਮਾ ਯੋਜਨਾ ਦੇ ਕਾਰਡ, 10 ਲੱਖ ਰੁਪਏ ਦੀ ਰਾਸ਼ੀ ਦੀ ਪਾਸ ਬੁੱਕ ਦੀਆਂ ਕਿੱਟਾਂ 3 ਲਾਭਪਾਤਰੀਆਂ (2 ਦੀ ਉਮਰ 18 ਸਾਲ ਤੋਂ ਉਪਰ ਅਤੇ 1 ਦੀ ਉਮਰ 18 ਸਾਲ ਤੋਂ ਘੱਟ) ਨੂੰ ਦਿੱਤੀਆਂ ਗਈਆਂ ਹਨ। ਪ੍ਰਧਾਨ ਮੰਤਰੀ ਸ਼੍ਰੀ ਮੋਦੀ ਵੱਲੋ ਬੱਚਿਆਂ ਦੇ ਉਜੱਵਲ ਭਵਿੱਖ ਦੀ ਕਾਮਨਾ ਕੀਤੀ ਗਈ ਹੈ।

ਮਾਨਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਵੱਲੋ ਤਿੰਨੋਂ ਬੱਚਿਆਂ ਨਾਲ ਗੱਲਬਾਤ ਦੌਰਾਨ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਜਦੋਂ ਵੀ ਉਹਨਾਂ ਨੂੰ ਕੋਈ ਵੀ ਮੁਸ਼ਕਿਲ ਆਉਂਦੀ ਹੈ, ਤਾਂ ਬੱਚੇ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਗੱਲ ਕਰ ਸਕਦੇ ਹਨ, ਤਾਂ ਜੋ ਉਹਨਾਂ ਦੀਆਂ ਮੁਸ਼ਕਿਲਾਂ ਦਾ ਜਲਦ ਤੋਂ ਜਲਦ ਹੱਲ ਕੀਤਾ ਜਾ ਸਕੇ ਅਤੇ ਬੱਚਿਆਂ ਦੇ ਉਜਵੱਲ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ, ਚੇਅਰਪਰਸਨ ਅਤੇ ਮੈਂਬਰ, ਬਾਲ ਭਲਾਈ ਕਮੇਟੀ, ਲੁਧਿਆਣਾ, ਜਿਲ੍ਹਾ ਬਾਲ ਸੁਰੱਖਿਆ ਅਫਸਰ, ਜਿਲ੍ਹਾ ਬਾਲ ਸੁਰੱਖਿਆ ਯੂਨਿਟ ਦਾ ਸਟਾਫ ਅਤੇ ਬੱਚਿਆਂ ਦੇ ਗਾਰਡੀਅਨ ਆਦਿ ਵੀ ਹਾਜ਼ਰ ਸਨ।

# ਖੱਬੀਆਂ ਪਾਰਟੀਆਂ ਵੱਲੋਂ ਮਹਿੰਗਾਈ ਬੇਰੁਜ਼ਗਾਰੀ ਅਤੇ ਫਿਰਕਾਪ੍ਰਸਤੀ ਵਿਰੁੱਧ ਕੀਤਾ ਮੁਜ਼ਾਹਰਾ

**ਗੁਰਦਾਸਪੁਰ-ਨਵਨੀਤ ਕੁਮਾਰ**

ਦੇਸ਼ ਭਰ ਵਿੱਚ ਖੱਬੀਆਂ ਪਾਰ ਟੀਆਂ ਵੱਲੋਂ ਮਹਿੰਗਾਈ ਬੇਰੁਜ਼ਗਾਰੀ ਅਤੇ ਫ਼ਿਰਕਾਪ੍ਰਸਤੀ ਵਿਰੁੱਧ ਕੀਤੇ ਜਾ ਰਹੇ ਮੁਜ਼ਾਹਰਿਆਂ ਦੀ ਲੜੀ ਵਿੱਚ ਅੱਜ ਗੁਰਦਾਸਪੁਰ ਵਿਖੇ ਸ਼ਹਿਰ ਵਿੱਚ ਵਰ੍ਹਦੇ ਮੀਂਹ ਵਿਚ ਵਿਸ਼ਾਲ ਪ੍ਰਦਰਸ਼ਨ ਮਾਰਚ ਕੀਤਾ ਗਿਆ ।ਸ਼ਹਿਰ ਵਿੱਚ ਮਾਰਚ ਕਰਨ ਤੋਂ ਸੁੱਕੇ ਤਲਾਅ ਵਿਖੇ ਇੱਕ ਵੱਡੀ ਰੈਲੀ ਕੀਤੀ ਗਈ ।ਇਸ ਮੁਜ਼ਾਹਰੇ ਦੀ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਵਿਚ ਔਰਤਾਂ ਨੇ ਬਹੁਤ ਵੱਡੀ ਗਿਣਤੀ ਵਿੱਚ ਭਾਗ ਲਿਆ ।




ਇਸ ਲਾਮਿਸਾਲ ਪ੍ਰਦਰਸ਼ਨ ਦੀ ਅਗਵਾਈ ਸਾਂਝੇ ਤੌਰ ਤੇ ਆਰ.ਐਮ.ਪੀ.ਆਈ .ਦੇ ਧਿਆਨ ਸਿੰਘ ਠਾਕੁਰ ਸੀਪੀਆਈ ਦੇ ਰਣਜੀਤ ਸਿੰਘ ਡੋਗਰ ਮਹੇਸ਼ ਅਤੇ ਸੀਪੀਆਈ ਐਮਐਲ ਲਿਬਰੇਸ਼ਨ ਦੇ ਸਾਥੀ ਸੁਰਜੀਤ ਸਿੰਘ ਸਿੰਘਪੁਰੀਆ ਨੇ ਸਾਂਝੇ ਤੌਰ ਤੇ ਕੀਤੀ ।ਵਰ੍ਹਦੇ ਮੀਂਹ ਵਿੱਚ ਕੀਤੀ ਗਈ ਇਸ ਰੈਲੀ ਨੂੰ ਸੰਬੋਧਨ ਕਰਦਿਆਂ ਗੁਰਮੀਤ ਸਿੰਘ ਬਖਤਪੁਰ ਗੁਲਜਾਰ ਸਿੰਘ ਬਸੰਤ ਕੋਟ ਸਾਥੀ ਸ਼ਿਵ ਕੁਮਾਰ ਵਿਜੇ ਸੋਹਲ ਜਗਜੀਤ ਸਿੰਘ ਅਲੂਣਾ ਬਲਬੀਰ ਸਿੰਘ ਕੱਤੋਵਾਲ ਮੱਖਣ ਸਿੰਘ ਕੁਹਾੜ ਆਦਿ ਨੇ ਆਖਿਆ ਕਿ ਕੇਂਦਰ ਦੀ ਸਰਕਾਰ ਦੀਆਂ ਸਰਮਾਏਦਾਰ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਕਾਰਨ ਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਬੇਇੰਤਹਾ ਵਧ ਰਹੀ ਹੈ ।ਨਿੱਤ ਦਿਹਾੜੀ ਇਸ ਵਿਚ ਹੋਰ ਵਾਧਾ ਹੋ ਰਿਹਾ ਹੈ ।ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਦੀਆਂ ਅਡਾਨੀ ਅਬਾਨੀ ਤੇ ਹੋਰ ਕਾਰਪੋਰੇਟ ਘਰਾਣਿਆਂ ਦੇ ਪੱਖੀ ਨੀਤੀਆਂ ਕਾਰਨ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋਈ ਜਾ ਰਿਹਾ ਹੈ ।ਆਗੂਆਂ ਨੇ ਕਿਹਾ ਕਿ ਦੱਸ ਪ੍ਰਤੀਸ਼ਤ ਅਮੀਰ ਘਰਾਣਿਆਂ ਦਾ ਮੁਨਾਫ਼ਾ ਵਧਾਉਣ ਲਈ ਨੱਬੇ ਪ੍ਰਤੀਸ਼ਤ ਗਰੀਬਾਂ ਦੀ ਜੇਬ ਤੇ ਡਾਕਾ ਮਾਰਿਆ ਜਾ ਰਿਹਾ ਹੈ ।ਗਰੀਬ ਸ਼੍ਰੇਣੀ ਭੁੱਖਮਰੀ ਦਾ ਸ਼ਿਕਾਰ ਹੋ ਰਹੀ ਹੈ ਲੋਕ ਭੁੱਖਮਰੀ ਕਾਰਨ ਖੁਦਕਸ਼ੀਆਂ ਕਰ ਰਹੇ ਹਨ ।ਵੱਡੀਆਂ ਕੰਪਨੀਆਂ ਨੂੰ ਠੇਕੇ ਦਿੱਤੇ ਜਾ ਰਹੇ ਹਨ ਸਾਰੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ।ਵੱਡੀਆਂ ਕੰਪਨੀਆਂ ਆਪਣੇ ਜੋ ਵੀ ਨਵੇਂ ਕਾਰੋਬਾਰ ਸ਼ੁਰੂ ਕਰਦੀਆਂ ਹਨ ਉਸ ਵਿੱਚ ਸਾਰਾ ਕੰਮ ਕੰਪਿਊਟਰਾਂ ਨਾਲ ਅਤੇ ਮਸ਼ੀਨਾਂ ਨਾਲ ਕੀਤਾ ਜਾਣ ਕਰਕੇ ਨਵੀਂ ਭਰਤੀ ਨਹੀਂ ਕੀਤੀ ਜਾ ਰਹੀ ਸਗੋਂ ਪਹਿਲੀ ਭਰਤੀ ਵਿੱਚ ਵੀ ਕਟੌਤੀ ਕੀਤੀ ਜਾ ਰਹੀ ਹੈ ।ਮੋਦੀ ਸਰਕਾਰ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕਿਹਾ ਸੀ ਕਿ ਅਸੀਂ ਚਾਰ ਕਰੋੜ ਹਰ ਸਾਲ ਨੌਕਰੀਆਂ ਦੇਵਾਂਗੇ ਪ੍ਰੰਤੂ ਉਨ੍ਹਾਂ ਨੇ ਕੋਈ ਨੌਕਰੀ ਨਹੀਂ ਦਿੱਤੀ ਸਗੋਂ ਪਹਿਲੀਆਂ ਨੌਕਰੀਆਂ ਵੀ ਖੁੱਸ ਰਹੀਆਂ ਹਨ ।

ਸਾਥੀ ਸੁਖਦੇਵ ਸਿੰਘ ਭਾਗੋਕਾਵਾਂ ਧਿਆਨ ਸਿੰਘ ਠਾਕਰ ਅਸ਼ਵਨੀ ਕੁਮਾਰ ਲਖਣਕਲਾਂ ਜਸਵੰਤ ਸਿੰਘ ਬੁੱਟਰ ਗੁਰਦੀਪ ਸਿੰਘ ਕਲੀਜਪੁਰ ਜੁਗਿੰਦਰਪਾਲ ਲੇਹਲ ਆਦਮੀ ਨੇ ਆਖਿਆ ਕਿ ਕੁਦਰਤੀ ਕਰੋਪੀ ਦੌਰਾਨ ਵੀ ਸਰਮਾਏਦਾਰੀ ਸਰਕਾਰਾਂ ਕੋਈ ਲਿਹਾਜ਼ ਕਰਨ ਦੀ ਥਾਂ ਇਸ ਦਾ ਹੋਰ ਹੋ ਹੋਰ ਲਾਹ ਲੈਂਦੀਆਂ ਹਨ ।ਪਾਕਿ ਫੋਰਮ ਦੀ ਤਾਜ਼ਾ ਰਿਪੋਰਟ ਮੁਤਾਬਕ ਉੱਪਰਲੀ ਦਸ ਫੀਸਦੀ ਅਮੀਰ ਲੋਕਾਂ ਦਾ ਸਰਮਾਇਆ ਚਾਰ ਗੁਣਾ ਹੋਰ ਵਧਿਆ ਹੈ ਕਦੇ ਗ਼ਰੀਬਾਂ ਦੀ ਆਮਦਨ ਵਿੱਚ ਵੀਹ ਗੁਣਾ ਘਾਟਾ ਪਿਆ ਹੈ ।ਆਗੂਆਂ ਨੇ ਕਿਹਾ ਕਿ ਸਰਕਾਰ ਲੋਕਾਂ ਦਾ ਗ਼ਰੀਬੀ ਬੇਰੁਜ਼ਗਾਰੀ ਅਤੇ ਮਹਿੰਗਾਈ ਤੋਂ ਧਿਆਨ ਲਾਂਭੇ ਕਰਨ ਲਈ ਫਿਰਕਾਪ੍ਰਸਤੀ ਵਾਲੀ ਪਹੁੰਚ ਅਪਣਾ ਰਹੀ ਹੈ ਅਤੇ ਨਿੱਤ ਦਿਹਾੜੇ ਮਸਜਿਦ ਮੰਦਿਰ ਦਾ ਝਗੜਾ ਖੜ੍ਹਾ ਕਰਕੇ ਲੋਕਾਂ ਵਿੱਚ ਨਫਰਤ ਫੈਲਾਈ ਜਾ ਰਹੀ ਹੈ ਭਾਈਚਾਰਕ ਸਾਂਝ ਨੂੰ ਤੋੜਿਆ ਜਾ ਰਿਹਾ ਹੈ ਧਰਮ ਨਿਰਪੱਖਤਾ ਦੀ ਸੰਵਿਧਾਨਕ ਪਹੁੰਚ ਦੀ ਥਾਂ ਤੇ ਕੇਂਦਰ ਸਰਕਾਰ ਹਿੰਦੂਵਾਦ ਦਾ ਪੱਤਾ ਖੇਡ ਰਹੀ ਹੈ ।ਪਹਿਲਾਂ ਬਾਬਰੀ ਮਸਜਿਦ ਅਤੇ ਹੋਣ ਕਾਸ਼ੀ ਅਤੇ ਮਥੁਰਾ ਦੀਆਂ ਮਸਜਿਦਾਂ ਢਾਹੁਣ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ ।ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਕੇਂਦਰ ਸਰਕਾਰ ਇਨ੍ਹਾਂ ਹੀ ਲੀਹਾਂ ਤੇ ਚੱਲਦੀ ਰਹੀ ਤਾਂ ਦੇਸ਼ ਟੁਕੜੇ ਟੁਕੜੇ ਹੋ ਜਾਵੇਗਾ । ਉਨ੍ਹਾਂ ਇਹ ਵੀ ਕਿਹਾ ਕੀ ਇਹ ਦੇਸ਼ ਨਾ ਤਾਂ ਮੋਦੀ ਸ਼ਾਹ ਤੇ ਯੋਗੀ ਦਾ ਹੈ ਨਾ ਹੀ ਅਡਾਨੀ ਅਬਾਨੀਆਂ ਦਾ ਹੈ ਇਹ ਦੇਸ਼ ਮਿਹਨਤਕਸ਼ ਲੋਕਾਂ ਦਾ ਹੈ ਅਤੇ ਉਹ ਇਸ ਦੇਸ਼ ਦੇ ਅੱਗੋਂ ਟੋਟੇ ਨਹੀਂ ਹੋਣ ਦੇਣਗੇ ਅਤੇ ਧਾਰਮਕ ਅਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਲਈ ਹਰ ਕੁਰਬਾਨੀ ਦਿੱਤੀ ਜਾਵੇਗੀ ।ਇਕ ਦਾਅਵਤ ਨਹੀਂ ਹੋਣ ਦਿੱਤਾ ਜਾਵੇਗਾ ਕਿ ਜੋ ਵੀ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰੇ ਉਸ ਦਾ ਘਰ ਬਲਡੋਜ਼ਰਾਂ ਨਾਲ ਢਾਹ ਦਿੱਤਾ ਜਾਵੇ । ਲੋਕ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਆਗੂਆਂ ਨੇ ਕਿਹਾ ਕਿ ਇਸ ਵਿਚ ਪਹਿਲੀਆਂ ਰਹਿ ਚੁੱਕੀਆਂ ਬੀਜੇਪੀ ਕਾਂਗਰਸ ਅਤੇ ਅਕਾਲੀ ਸਰਕਾਰਾਂ ਬਰਾਬਰ ਦੀਆਂ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਐਸਾ ਮਾਹੌਲ ਪੈਦਾ ਕੀਤਾ ਕਿ ਗੈਂਗਸਟਰਾਂ ਦੀ ਮਨਮਰਜ਼ੀ ਚੱਲਣ ਲੱਗ ਪਈ । ਬੁਲਾਰੇ ਸਾਥੀਆਂ ਨੇ ਮਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਬੂ ਵਿੱਚ ਰੱਖੇ ਅਤੇ ਗੈਂਗਸਟਰਾਂ ਤੇ ਸਖਤੀ ਨਾਲ ਕਾਬੂ ਪਾਇਆ ਜਾਵੇ ।ਆਗੂਆਂ ਨੇ ਆਮ ਆਦਮੀ ਪਾਰਟੀ ਨੂੰ ਇਹ ਵੀ ਚਿਤਾਵਨੀ ਦਿੱਤੀ ਕਿ ਅਗਰ ਉਸ ਨੇ ਕੀਤੇ ਹੋਏ ਵਾਅਦੇ ਪੂਰੇ ਨਾ ਕੀਤੇ ਤਾਂ ਇਸਦੇ ਗੰਭੀਰ ਸਿੱਟੇ ਨਿਕਲਣਗੇ । ਆਗੂਆਂ ਨੇ ਇਸ ਗੱਲ ਨੂੰ ਨੋਟ ਕੀਤਾ ਕਿ ਅਗਰ ਅੱਜ ਬਾਰਸ਼ ਨਾ ਹੁੰਦੀ ਤਾਂ ਅੱਜ ਵਾਲੀ ਜੋ ਲਾਮਿਸਾਲ ਸੀ ਉਹ ਗਿਣਤੀ ਹੋਰ ਵੀ ਕਈ ਗੁਣਾਂ ਵਧੇਰੇ ਹੋਣੀ ਸੀ । ਲਾਲ ਝੰਡਿਆਂ ਨਾਲ ਬਾਜ਼ਾਰ ਵਿੱਚ ਦੀ ਗੁਜ਼ਰਿਆ ਲੰਬਾ ਵਿਸ਼ਾਲ ਮਾਰਚ ਆਪਣੀ ਮਿਸਾਲ ਆਪ ਹੋ ਨਿਬੜਿਆ ।

# ਟੀ.ਐਸ.ਯੂ (ਰਜਿ:) ਉਪ ਮੰਡਲ ਸ਼ਹਿਰੀ ਸਮਰਾਲਾ ਦੀ ਚੋਣ ਸਰਬਸੰਮਤੀ ਨਾਲ ਹੋਈ



## ਸੁਰਜੀਤ ਕੁਮਾਰ ਪ੍ਰਧਾਨ, ਸੰਗਤ ਸੇਖੋਂ ਸਕੱਤਰ ਨਿਰਵਿਰੋਧ ਚੁਣੇ ਗਏ

**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਅੱਜ ਟੈਕਨੀਕਲ ਸਰਵਿਸਜ਼ ਯੂਨੀਅਨ (ਰਜਿ.) ਦੇ ਸੂਬਾ ਕਮੇਟੀ ਦੇ ਫੈਸਲੇ ਮੁਤਾਬਿਕ ਉਪ ਮੰਡਲ ਸ਼ਹਿਰੀ ਸਮਰਾਲਾ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਚੋਣ ਇਜਲਾਸ ਦੀ ਪ੍ਰਧਾਨਗੀ ਜਸਵੰਤ ਸਿੰਘ ਪ੍ਰਧਾਨ ਵੱਲੋਂ ਕੀਤੀ ਗਈ। ਇਸ ਚੋਣ ਇਜਲਾਸ ਵਿੱਚ ਸਭ ਤੋਂ ਪਹਿਲਾਂ ਪਿਛਲੇ ਸਾਲ ਦੀ ਕਾਰਜਕਾਰੀ ਰਿਪੋਰਟ ਪੇਸ਼ ਕੀਤੀ ਅਤੇ ਫੰਡ ਦੀ ਰਿਪੋਰਟ ਪੇਸ਼ ਕੀਤੀ ਗਈ ਜਿਸਨੂੰ ਹਾਜ਼ਰ ਮੈਂਬਰ ਵੱਲੋਂ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਉਪਰੰਤ ਸਾਬਕਾ ਕਮੇਟੀ ਭੰਗ ਕਰਕੇ ਕਾਰਵਾਈ ਚੋਣ ਨਿਗਰਾਨ ਕਮੇਟੀ ਨੂੰ ਸੌਂਪੀ ਗਈ। ਇਸ ਦੌਰਾਨ ਜੋ ਨਵੀਂ ਕਮੇਟੀ ਦੀ ਚੋਣ ਹੋਈ। ਇਹ ਚੋਣ ਸਰਬ ਸੰਮਤੀ ਨਾਲ ਹੋਈ ਜਿਸ ਵਿੱਚ ਪ੍ਰਧਾਨ ਦੇ ਅਹੁਦੇ ਲਈ ਸੁਰਜੀਤ ਕੁਮਾਰ ਘੁਲਾਲ, ਮੀਤ ਪ੍ਰਧਾਨ ਜਤਿਨ ਕੁਮਾਰ ਜੇ.ਈ., ਸਕੱਤਰ ਸੰਗਤ ਸਿੰਘ ਸੇਖੋਂ, ਸਹਾਇਕ ਸਕੱਤਰ ਮੋਹਣ ਸਿੰਘ ਜੇ.ਈ. ਅਤੇ ਖਜ਼ਾਨਚੀ ਦੇ ਅਹੁਦੇ ਲਈ ਪਰਮਜੀਤ ਸਿੰਘ ਚੁਣੇ ਗਏ। ਉਪਰੰਤ ਚੋਣ ਨਿਗਰਾਨ ਵਜੋਂ ਹਾਜ਼ਰ ਦਰਸ਼ਨ ਸਿੰਘ ਢੰਡਾ ਨੇ ਕਾਰਵਾਈ ਨਵੀਂ ਕਮੇਟੀ ਨੂੰ ਸੌਂਪੀ ਗਈ। ਇਸ ਚੋਣ ਇਜਲਾਸ ਵਿੱਚ ਸਿਕੰਦਰ ਸਿੰਘ ਪ੍ਰਧਾਨ ਪੈਨਸ਼ਨਰਜ਼ ਮੰਡਲ ਸਮਰਾਲਾ (ਰਜਿ.), ਕੁਲਵਿੰਦਰ ਸਿੰਘ ਕੂਨੀ, ਗੁਰਸੇਵਕ ਸਿੰਘ, ਮਨਦੀਪ ਸਿੰਘ ਅਤੇ ਕਰਮ ਆਦਿ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਕੰਨਿਆ) ਸਮਰਾਲਾ ਵਿਖੇ ਲਗਾਈ ਲਾਇਬ੍ਰੇਰੀ ਕਿਤਾਬਾਂ ਦੀ ਪ੍ਰਦਰਸ਼ਨੀ



**ਸਮਰਾਲਾ/ਭੂਸਨ ਬਾਂਸਲ ਸੁਨੀਲ ਅਗਰਵਾਲ**

ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਕੰਨਿਆ) ਸਮਰਾਲਾ ਦੇ ਵਿਹੜੇ ਲਾਇਬ੍ਰੇਰੀ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਰਾਏ, ਲਾਇਬ੍ਰੇਰੀਅਨ ਅਮਨਜੀਤ ਕੌਰ ਅਤੇ ਸਕੂਲ ਮੀਡੀਆ ਇੰਚਾਰਜ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਬਲਾਕ ਸਮਰਾਲਾ ਦੇ ਸ਼ਹਿਰੀ ਖੇਤਰ ਦੇ ਅਗਾਂਹਵਧੂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਕੰਨਿਆ) ਸਮਰਾਲਾ ਵਿਖੇ ਛੇਵੀਂ ਤੋਂ 10ਵੀਂ ਜਮਾਤ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਲਾਇਬ੍ਰੇਰੀ ਕਿਤਾਬਾਂ ਦੀ ਪ੍ਰਦਰਸ਼ਨੀ ਬੜੇ ਹੀ ਸੁਚੱਜੇ ਢੰਗ ਨਾਲ ਲਗਾਈ ਗਈ। ਬੱਚਿਆਂ ਨੇ ਸਕੂਲ ਅਧਿਆਪਕਾਂ ਵੱਲੋਂ ਲਗਾਏ ਗਏ ਲਾਇਬ੍ਰੇਰੀ ਕਿਤਾਬਾਂ ਦੀ ਪ੍ਰਦਰਸ਼ਨੀ ਵਿੱਚ ਰੱਖੀਆਂ ਗਈਆਂ ਕਿਤਾਬਾਂ ਦੇ ਖਜਾਨੇ ਵਿੱਚੋ ਗਿਆਨ ਦਾ ਭੰਡਾਰ ਹਾਸਲ ਕੀਤਾ ਤੇ ਵਿਭਾਗ ਦੀ ਹਦਾਇਤਾਂ ਅਨੁਸਾਰ ਪੜ੍ਹਨ ਲਈ ਜਾਰੀ ਵੀ ਕੀਤੀਆਂ ਗਈਆਂ। ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਕੰਨਿਆ) ਸਮਰਾਲਾ ਵਿਖੇ ਅੱਜ ਲਗਾਈ ਗਈ ਲਾਇਬ੍ਰੇਰੀ ਕਿਤਾਬਾਂ ਦੀ ਪ੍ਰਦਰਸ਼ਨੀ ਲਈ ਸਮੂਹ ਸਟਾਫ ਮੈਂਬਰ ਸਾਹਿਬਾਨ ਨੇ ਪੂਰਾ ਸਹਿਯੋਗ ਕੀਤਾ।

# ਐਸ ਐਸ ਪੀ ਵੱਲੋ ਜਿਲ੍ਹਾ ਸਾਂਝ ਕੇਦਰ ਅਤੇ ਸਾਰੀਆਂ ਸਬ ਡਵੀਜਨਾਂ ਦੇ ਸਾਂਝ ਕਮੇਟੀ ਮੈਬਰਾਂ ਨਾਲ ਮੀਟਿੰਗ



**ਗੁਰਦਾਸਪੁਰ-ਨਵਨੀਤ ਕੁਮਾਰ**

ਸੀਨੀਅਰ ਪੁਲਸ ਕਪਤਾਨ ਗੁਰਦਾਸਪੁਰ ਸ੍ਰੀ ਹਰਜੀਤ ਸਿੰਘ ਨੇ ਜਿਲ੍ਹਾ ਸਾਂਝ ਕੇਂਦਰ ਅਤੇ ਸਾਰੀਆਂ ਸਬ ਡਵੀਜਨਾਂ ਦੇ ਸਾਂਝ ਕਮੇਟੀ ਮੈਬਰਾਂ ਨਾਲ ਮੀਟਿੰਗ ਹਾਲ ਡੀ ਪੀ ਓ ਗੁਰਦਾਸਪੁਰ ਵਿੱਚ ਮੀਟਿੰਗ ਕੀਤੀ ਗਈ । ਇਸ ਵਿੱਚ ਆਏ ਸਾਰ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ ਅਤੇ ਸਭ ਨਾਲ ਜਾਣ ਪਹਿਚਾਣ ਤੋ ਇਲਾਵਾ ਵੱਖ ਵੱਖ ਮੁੱਦਿਆ ਤੇ ਵਿਚਾਰ ਵਿਟਾਦਰਾਂ ਕੀਤਾ ਗਿਆ ।

ਸੀਨੀਅਰ ਪੁਲਿਸ ਕਪਤਾਨ ਗੁਰਦਾਸਪੁਰ ਵੱਲੋ ਸਾਂਝ ਕਮੇਟੀ ਦੇ ਮੈਬਰਾਂ ਨੂੰ ਔਰਤਾਂ ਦੀਆਂ ਸਕਾਇਤਾਂ / ਮੱਸਲਿਆਂ ਨੂੰ ਹੱਲ ਕਰਨ ਵਿੱਚ ਸਹਿਯੋਗ ਦੇਣ ਲਈ ਦੋਹਾਂ ਪਾਰਟੀਆਂ ਨਾਲ ਕਾਊਸਲਿੰਗ ਕਰਕੇ ਅਤੇ ਉਨ੍ਹਾ ਦੀਆ ਸਮੱਸਿਆਵਾਂ ਨੂੰ ਯੌਗ ਤਰੀਕੇ ਨਾਲ ਸਮਝਦੇ ਹੋਏ ਆਪਣੀ ਰਿਪੋਰਟ ਦੇਣ ਲਈ ਕਿਹਾ ਗਿਆ। ਉਨ੍ਹਾਂ ਨੇ ਸਾਂਝ ਕਮੇਟੀ ਮੈਬਰਾਂ ਨੂੰ ਇਹ ਵੀ ਨਿਰਦੇਸ ਦਿਤਾ ਗਿਆ ਹੈ ਕਿ ਉਹ ਆਪਣੇ ਇਲਾਕੇ ਵਿੱਚ ਬੱਚਿਆ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਲਗਾਉਣ ਅਤੇ ਉਹਨਾ ਨੂੰ ਸਮਾਜਿਕ ਬੁਰਾਂਈਆਂ ਤੋ ਦੂਰ ਰਹਿਣ ਲਈ ਸੁਚੇਤ ਕਰਨ । ਉਨ੍ਹਾਂ ਕਿਹਾ ਕਿ ਉਹ ਆਪਣੇ ਆਪਣੇ ਇਲਾਕੇ ਵਿੱਚ ਟ੍ਰੈਫਿਕ ਸਬੰਧੀ ਆ ਰਹੀਆਂ ਸਮੱਸਿਆਵਾਂ ਪ੍ਰਤੀ ਪਬਲਿਕ ਨੂੰ ਜਾਗਰੂਕ ਕਰਨ ਲਈ ਸਾਂਝ ਕਮੇਟੀ ਦੇ ਮੈਬਰਾਂ ਨੂੰ ਸਹਿਯੋਗ ਦੇਣ ਲਈ ਕਿਹਾ ਗਿਆ ਅਤੇ ਦੱਸਿਆ ਗਿਆ ਕਿ ਇਸ ਸਮੇ ਟ੍ਰੈਫਿਕ ਨਿਯਮਾਂ ਦੀ ਸਹੀ ਪਾਲਣਾ ਨਾ ਹੋਣ ਕਰਕੇ ਰੋਜਾਨਾਂ ਬਹੁਤ ਸਾਰੀਆਂ ਕੀਮਤੀ ਜਾਨਾਂ ਜਾ ਰਹੀਆਂ ਹਨ ਜੋ ਕਿ ਇਸ ਸਮੇ ਵੱਡੀ ਸਮੱਸਿਆ ਬਣ ਗਈ ਹੈ । ਇਸ ਲਈ ਇਸ ਨੂੰ ਦੂਰ ਕਰਨ ਲਈ ਪੁਲਿਸ ਨਾਲ ਮਿਲਕੇ ਵੱਖ ਵੱਖ ਜਗ੍ਹਾ ਤੇ ਜਾ ਕੇ ਸੈਮੀਨਾਰ ਲਗਾਏ ਜਾਣ ਅਤੇ ਪਬਲਿਕ ਨੂੰ ਸੁਚੇਤ ਕੀਤਾ ਜਾਵੇ । ਇੱਟਾਂ ਅਤੇ ਰੇਤ ਢੋਣ ਵਾਲੀਆਂ ਟਰਾਲੀਆਂ ਨੂੰ ਕਵਰ ਕਰਨ ਲਈ ਇਲਾਕੇ ਵਿੱਚ ਕੋਈ ਵੀ ਤਰਪਾਲ ਆਦਿ ਵਰਤੋ ਨਹੀ ਕੀਤੀ ਜਾ ਰਹੀ ਜਿਸ ਕਰਕੇ ਰਾਹਗੀਰ ਵਿਅਕਤੀਆਂ ਦੀਆਂ ਅੱਖਾਂ ਵਿੱਚ ਰੇਤ ਆਦਿ ਪੈਣ ਕਰਕੇ ਹਾਦਸੇ ਹੋ ਜਾਂਦੇ ਹਨ ਅਤੇ ਲੋਕਾਂ ਨੂੰ ਪ੍ਰੇਸਾਨੀ ਦਾ ਸਾਹਮਣਾ ਵੀ ਕਰਨਾ ਪੈਦਾ ਹੈ । ਇਸ ਲਈ ਟਰੈਕਟਰ ਟਰਾਲੀਆਂ ਦੇ ਮਾਲਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਕੇ ਇਸ ਸਮੱਸਿਆ ਦਾ ਹੱਲ ਵੀ ਸਾਂਝ ਕਮੇਟੀ ਮੈਂਬਰਾਂ ਵੱਲੋ ਕੀਤਾ ਜਾ ਸਕਦਾ ਹੈ । ਪਬਲਿਕ ਵਿੱਚ ਪੁਲਿਸ ਦਾ ਅਕਸ ਸਹੀ ਪੇਸ਼ ਕਰਨ ਲਈ ਪਬਲਿਕ ਵਿੱਚ ਸਹੀ ਜਾਣਕਾਰੀ ਪਹੁੰਚਾਈ ਜਾਵੇ ਕਿਉਕਿ ਸਹੀ ਜਾਣਕਾਰੀ ਨਾ ਹੋਣ ਕਰਕੇ ਬਹੁਤ ਸਾਰੇ ਮੁੱਦਿਆ ਤੇ ਪੁਲਿਸ ਨੂੰ ਮਾੜਾ ਦਰਸਾਇਆ ਜਾਦਾ ਹੈ ਜਦੋ ਕਿ ਉਹ ਅਸਲੀਅਤ ਨਹੀ ਹੁੰਦੀ। ਪਬਲਿਕ ਦੇ ਇਕੱਠ ਹੋਣ ਵਾਲੀਆਂ ਥਾਵਾਂ , ਟ੍ਰੈਫਿਕ ਚੌਕਾਂ ਅਤੇ ਧਾਰਮਿਕ ਸਥਾਨਾਂ ਉਪਰ ਸੀ ਸੀ ਟੀ ਵੀ ਕੈਮਰੇ ਲਗਵਾਉਣ ਲਈ ਸਾਂਝ ਕਮੇਟੀ ਮੈਬਰ ਡੋਨਰਾਂ ਦਾ ਸਹਿਯੋਗ ਪ੍ਰਾਪਤ ਕਰਨ ਅਤੇ ਜਿੰਨ੍ਹਾਂ ਥਾਵਾ ਤੇ ਸੀ ਸੀ ਟੀ ਵੀ ਕੈਮਰੇ ਦੀ ਜਰੂਰਤ ਹੈ ਬਾਰੇ ਪੁਲਿਸ ਵਿਭਾਗ ਨੂੰ ਜਾਣਕਾਰੀ ਦੇਣ । ਗੁਰਦਾਸਪੁਰ ਵਿੱਚ ਬਾਹਰੋ ਆ ਕੇ ਮਕਾਨ , ਦਕਾਨ ਆਦਿ ਕਰਾਏ ਤੇ ਲੈਣ ਵਾਲੇ ਵਿਅਕਤੀਆਂ ਦੀ ਪੁਲਿਸ ਵੈਰੀਫਿਕੇਸ਼ਨ ਬਹੁਤ ਜਰੂਰੀ ਹੁੰਦੀ ਹੈ ਪਰੰਤੂ ਕੁਝ ਵਿਅਕਤੀ ਆਪਣਾ ਮਕਾਨ ਜਾਂ ਦੁਕਾਨ ਕਿਰਾਏ ਤੇ ਦੇਣ ਸਮੇ ਸਬੰਧਿਤ ਵਿਅਕਤੀ ਦੀ ਪੁਲਿਸ ਵੈਰੀਫਿਕੇਸ਼ਨ ਨਹੀ ਕਰਵਾ ਰਹੇ ਜੋ ਕਾਨੂੰਨੀ ਤੌਰ ਤੇ ਗਲਤ ਹੈ ਅਤੇ ਇਸ ਨਾਲ ਜਿਲ੍ਹੇ ਕ੍ਰਾਈਮ ਹੋਣ ਸਮੇ ਦੋਸੀਆਂ ਨੂੰ ਪਕੜਨ ਵਿੱਚ ਮੁਸਕਿਲ ਪੇਸ਼ ਆਉਦੀ ਹੈ । ਇਸ ਲਈ ਇਹ ਯਕੀਨੀ ਬਣਾਇਆ ਜਾਵੇ ਅਤੇ ਸਾਂਝ ਕਮੇਟੀ ਮੈਬਰ ਆਪਣੇ ਆਪਣੇ ਇਲਾਕੇ ਵਿੱਚ ਅਜਿਹੇ ਵਿਅਕਤੀਆਂ ਦੀ ਪਹਿਚਾਣ ਕਰਕੇ ਸਬੰਧਿਤ ਪੁਲਿਸ ਥਾਣੇ ਵਿੱਚ ਜਾਣਕਾਰੀ ਦੇਣ । ਇਸ ਸਮੇ ਗਲੋਬਲ ਫਾਰਮਿੰਗ ਦੀ ਸਮੱਸਿਆ ਵੀ ਬਣ ਰਹੀ ਹੈ ਜਿਸ ਦੀ ਰੋਕਥਾਮ ਲਈ ਵੱਖ ਵੱਖ ਇਲਾਕਿਆ ਵਿੱਚ ਦਰੱਖਤ ਲਗਾਉਣ ਦੀ ਮੁਹਿੰਮ ਸੁਰੂ ਕਰਨੀ ਚਾਹੀਦੀ ਹੈ ਅਤੇ ਸਾਂਝ ਕਮੇਟੀ ਮੈਂਬਰ ਇਸ ਵਿੱਚ ਆਪਣਾ ਪੂਰਾ ਪੂਰਾ ਸਹਿਯੋਗ ਦੇਣ ।

# ਨਹਿਰੀ ਪਟਵਾਰ ਯੂਨੀਅਨ ਵੱਲੋ ਰੈਵੀਨਿਊ ਸਟਾਫ ਦੀਆਂ ਮੰਗਾਂ ਸੰਬੰਧੀ ਮੰਤਰੀ ਬ੍ਰਹਮ ਸੰਕਰ ਜਿੰਪਾਂ ਨੂੰ ਦਿੱਤਾ ਮੰਗ ਪੱਤਰ



**ਅੰਮ੍ਰਿਤਸਰ/ਰਾਜਾ ਕੋਟਲੀ**

ਨਹਿਰੀ ਪਟਵਾਰ ਯੂਨੀਅਨ ਜਲ ਸਰੋਤ ਵਿਭਾਗ ਪੰਜਾਬ ਦੇ ਇਕ ਉਚ ਪੱਧਰੀ ਵਫਦ ਵੱਲੋ ਸੂਬਾ ਪ੍ਰਧਾਨ ਜਸਕਰਨ ਸਿੰਘ ਗਹਿਰੀ ਬੁੱਟਰ ਅਤੇ ਸੀਨੀਅਰ ਮੀਤ ਪ੍ਰਧਾਨ ਕ੍ਰਿਪਾਲ ਸਿੰਘ ਪਨੂੰ ਦੀ ਅਗਵਾਈ ਹੇਠ ਰੈਵੀਨਿਊ ਸਟਾਫ ਦੀਆਂ ਪ੍ਰਮੁੱਖ ਮੰਗਾਂ ਸੰਬੰਧੀ ਇਕ ਲਿਖਤੀ ਮੰਗ ਪੱਤਰ ਰਾਹੀਂ ਜਲ ਸਰੋਤ ਵਿਭਾਗ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਹਮ ਸੰਕਰ ਸਰਮਾਂ(ਜਿੰਪਾਂ) ਪਾਸੋਂ ਮੰਗ ਕੀਤੀ ਗਈ ਹੈ ਕਿ ਨਹਿਰੀ ਪਟਵਾਰੀਆਂ ਤੋਂ ਸਹਾਇਕ ਮਾਲ ਕਲਰਕ ਦੀਆਂ ਪੈਂਡਿੰਗ ਪਈਆਂ ਤਰੱਕੀਆਂ ਪਹਿਲ ਦੇ ਆਧਾਰ ਤੇ ਕੀਤੀਆਂ ਜਾਣ ਅਤੇ ਜਿੰਨ੍ਹਾਂ ਪਟਵਾਰੀਆਂ ਨੇ ਕੋਰਟ ਕੇਸ ਕੀਤਾ ਹੋਇਆ ਹੈ,ਮਾਨਯੋਗ ਕੋਰਟ ਦੇ ਫੈਸਲੇ ਤਕ ਉਨ੍ਹਾਂ ਦੀਆਂ ਸੀਟਾਂ ਰਾਖਵੀਆਂ ਰਖ ਕੇ ਬਾਕੀ ਨਹਿਰੀ ਪਟਵਾਰੀਆਂ ਦੀਆਂ ਸੀਨੀਆਰਤਾ ਸੂਚੀ ਅਨੁਸਾਰ ਤਰੱਕੀਆਂ ਕੀਤੀਆਂ ਜਾਣ, ਵਾਟਰ ਸੈਸ ਦੀ ਵਸੂਲੀ ਸੰਬੰਧੀ ਰੈਵੀਨਿਊ ਸਟਾਫ ਨੂੰ ਆ ਰਹੀਆਂ ਮੁਸਕਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਅਤੇ ਸਪੱਸ਼ਟ ਨੀਤੀ ਬਣਾਈ ਜਾਵੇ,ਜਿਸ ਨਾਲ ਵਾਟਰ ਸੈਸ ਇਕੱਠਾ ਕੀਤਾ ਜਾ ਸਕੇ, ਜਿਹੜੇ ਭੱਤੇ ਮਾਲ ਮਹਿਕਮੇ ਦੇ ਪਟਵਾਰੀਆਂ ਨੂੰ ਦਿੱਤੇ ਜਾ ਰਹੇ ਹਨ ਉਹ ਭੱਤੇ ਨਹਿਰੀ ਪਟਵਾਰੀਆਂ ਨੂੰ ਵੀ ਦਿੱਤੇ ਜਾਣ, ਜੀ ਪੀ ਐਫ ਫੰਡ ਨੂੰ ਚੰਡੀਗੜ੍ਹ ਦਫਤਰ ਤੋਂ ਬਦਲ ਕੇ ਡੀ.ਡੀ.ਓ ਪੱਧਰ ਭਾਵ ਮੰਡਲ ਦਫਤਰਾਂ ਵਿੱਚ ਗਿਫਟ ਕੀਤਾ ਜਾਵੇ, ਜਿਲੇਦਾਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਲਈ ਜਿਲੇਦਾਰੀਂ ਟੈਸਟ ਪਾਸ ਹੋਏ ਉਮੀਦਵਾਰਾਂ ਦੀ ਜੁਆਇਨਿੰਗ ਜਲਦੀ ਕਰਵਾਈ ਜਾਵੇ, ਪੰਜਾਬ ਦੇ ਕਈ ਮੰਡਲਾਂ ਵਿੱਚ ਐਸ.ਐਨ.ਈ ਦੀ ਮਨਜੂਰੀ ਨਾ ਮਿਲਣ ਕਰਕੇ ਨਹਿਰੀ ਪਟਵਾਰੀ ਅਤੇ ਏ ਆਰ ਸੀ,ਆਰ ਸੀ, ਐਚ ਆਰ ਸੀ,ਜਿਲੇਦਾਰਾਂ ਦੀਆਂ ਤਨਖਾਹਾਂ ਬਹੁਤ ਲੇਟ ਹੋ ਜਾਂਦੀਆਂ ਹਨ ਜਿਸ ਕਰਕੇ ਮੁਲਾਜਮਾਂ ਨੂੰ ਘਰਾਂ ਦੇ ਗੁਜ਼ਾਰੇ ਕਰਨੇ ਬੜੇ ਮੁਸਕਿਲ ਹੋ ਜਾਂਦੇ ਹਨ, ਤਨਖਾਹਾਂ ਸਮੇਂ ਸਿਰ ਜਾਰੀ ਕੀਤੀਆਂ ਜਾਣ, ਨਹਿਰੀ ਪਟਵਾਰੀਆਂ ਤੋਂ ਜੂਨੀਅਰ ਇੰਜੀਨੀਅਰ ਬਨਣ ਲਈ 15 ਫ਼ੀਸਦੀ ਕੋਟੇ ਅਧੀਨ ਨਹਿਰੀ ਪਟਵਾਰੀਆਂ ਦੀ ਕੈਟਾਗਿਰੀ ਨੂੰ ਸ਼ਾਮਿਲ ਕੀਤਾ ਜਾਵੇ, ਨਹਿਰੀ ਪਟਵਾਰੀਆਂ ਦੀ ਬਹੁਤ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਫਿਕਸ ਟੀ ਏ ਦਿੱਤਾ ਜਾਵੇ, ਜਿਨ੍ਹਾਂ ਮੰਡਲਾਂ ਦਾ ਛੇਵੇਂ ਪੇ ਕਮਿਸ਼ਨ ਦਾ ਬਕਾਇਆ ਬਾਕੀ ਹੈ ਜਲਦੀ ਦਿੱਤਾ ਜਾਵੇ, ਪੰਜਾਬ ਦੇ ਸਮੂੰਹ ਮੰਡਲਾਂ ਵਿੱਚ ਨਹਿਰੀ ਪਟਵਾਰੀਆਂ ਦੇ ਦਫਤਰਾਂ ਵਿੱਚ ਬੈਠਣ ਲਈ ਮੁੱਢਲੀਆਂ ਸਹੂਲਤਾਂ ਜਿਵੇਂ ਕੁਰਸੀਆਂ, ਮੇਜ, ਅਲਮਾਰੀਆਂ,ਪੀਣ ਵਾਲਾ ਪਾਣੀ, ਟਾਇਲਟ, ਬਿਜਲੀ ਆਦਿ ਪਬਲਿਕ ਦੀ ਸੇਵਾ ਲਈ (ਜਨ ਸੁਵਿਧਾਵਾਂ)ਉਪਲੱਬਧ ਕਰਵਾਈਆਂ ਜਾਣ। ਇਸ ਮੌਕੇ ਵਫਦ ਦੀਆਂ ਉਕਤ ਮੰਗਾਂ ਨੂੰ ਬੜੇ ਵਿਸਥਾਰਪੂਰਵਕ ਸੁਨਣ ਉਪਰੰਤ ਕੈਬਨਿਟ ਮੰਤਰੀ ਬ੍ਰਹਮ ਸੰਕਰ ਸਰਮਾਂ(ਜਿੰਪਾਂ) ਨੇ ਜਲਦੀ ਹਲ ਕਰਨ ਦਾ ਵਿਸ਼ਵਾਸ ਦਿਵਾਇਆ ਹੈ।ਹੋਰਨਾ ਹੋਰਨਾਂ ਤੋਂ ਇਲਾਵਾ ਇਸ ਮੌਕੇ ਸੂਬਾ ਮੀਤ ਪ੍ਰਧਾਨ ਦਵਿੰਦਰ ਸਿੰਘ ਮੰਡੇਰ,ਰਮਨ ਕੁਮਾਰ, ਜਸਵਿੰਦਰ ਲਾਲ, ਰਮਨ ਪਰਮਾਰ, ਅੰਮ੍ਰਿਤਪਾਲ ਸਿੰਘ ਆਦਿ ਵੀ ਹਾਜ਼ਰ ਸਨ।

# ਪੰਜਾਬ ਵਿੱਚ ਅੱਜ ਆਮ ਜਨਤਾ ਤਾਂ ਕੀ ਕੋਈ ਵੱਡਾ ਨੇਤਾ ਵੀ ਸੁਰੱਖਿਅਤ ਨਹੀਂ ਹੈ,ਚੇਤਨ ਸੂਰੀ

**ਕਪੂਰਥਲਾ/ਪਰਮਜੀਤ ਸੰਨੀ**

ਕਾਂਗਰਸ ਨੇਤਾ ਅਤੇ ਮਸ਼ਹੂਰ ਗਾਇਕ ਸਿੱਧੂ ਮੁਸੇਵਾਲਾ ਦੀ ਹੱਤਿਆ ਦੇ ਬਾਅਦ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਵਾਲਾਂ ਦੇ ਘੇਰੇ ਵਿੱਚ ਆ ਗਈ ਹੈ।ਪੰਜਾਬ ਸਰਕਾਰ ਨੇ ਇਕ ਦਿਨ ਪਹਿਲਾ ਹੀ ਸਿੱਧੂ ਮੁਸੇਵਾਲਾ ਦੀ ਸੁਰੱਖਿਆ ਵਾਪਸ ਲਈ ਸੀ।ਭਾਜਪਾ ਨੇ ਸਿੱਧੂ ਮੁਸੇਵਾਲਾ ਦੀ ਸੁਰੱਖਿਆ ਹਟਾਏ ਜਾਣ ਅਤੇ ਇਸਦੇ ਬਾਅਦ ਉਨ੍ਹਾਂ ਦੀ ਹੱਤਿਆ ਨੂੰ ਲੈ ਕੇ ਭਗਵੰਤ ਮਾਨ ਸਰਕਾਰ ਤੇ ਹਮਲਾ ਕੀਤਾ ਹੈ।ਭਾਜਪਾ ਦੇ ਮੰਡਲ ਪ੍ਰਧਾਨ ਚੇਤਨ ਸੂਰੀ ਨੇ ਕਿਹਾ ਹੈ ਕਿ ਸਿੱਧੂ ਮੁਸੇਵਾਲਾ ਨੂੰ ਪਹਿਲਾਂ ਤੋਂ ਕਾਫ਼ੀ ਖ਼ਤਰਾ ਸੀ।ਅਜਿਹੇ ਵਿੱਚ ਉਨ੍ਹਾਂ ਦੀ ਸੁਰੱਖਿਆ ਕਿਉਂ ਹਟਾਈ ਗਈ।ਉਨ੍ਹਾਂਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਰਾਜਨੀਤਕ ਵਾਹ-ਵਾਹੀ ਲੈਣ ਲਈ ਸੁਰੱਖਿਆ ਹਟਾਕੇ ਇਸਦੀ ਜਾਣਕਾਰੀ ਸਾਰਵਜਨਿਕ ਕਰ ਦਿੱਤੀ।ਉਨ੍ਹਾਂਦੀ ਹੱਤਿਆ ਲਈ ਪੰਜਾਬ ਸਰਕਾਰ ਨੂੰ ਜਿੰਮੇਦਾਰ ਦੱਸਦਿਆਂ ਚੇਤਨ ਸੂਰੀ ਨੇ ਮੁੱਖਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਪ ਸਰਕਾਰ ਬਣੀ ਹੈ ਉਦੋਂ ਤੋਂ ਕਾਨੂੰਨ-ਵਿਵਸਥਾ ਬਦਹਾਲ ਹੋ ਗਈ ਹੈ।ਪੰਜਾਬ ਵਿੱਚ ਅੱਜ ਆਮ ਜਨਤਾ ਤਾਂ ਕੀ ਕੋਈ ਵੱਡਾ ਨੇਤਾ ਵੀ ਸੁਰੱਖਿਅਤ ਨਹੀਂ ਹੈ।ਸੂਰੀ ਨੇ ਕਿਹਾ ਕਿ ਮੁੱਖਮੰਤਰੀ ਭਗਵੰਤ ਮਾਨ ਵਲੋਂ ਇੱਕ ਦਿਨ ਪਹਿਲਾਂ ਹੀ ਮੂਸੇਵਾਲਾ ਦੀ ਸੁਰੱਖਿਆ ਹਟਾਈ ਸੀ।ਜੇਕਰ ਮੁੱਖਮੰਤਰੀ ਭਗਵੰਤ ਮਾਨ ਕੋਲੋਂ ਪੰਜਾਬ ਵਿੱਚ ਕਾਨੂੰਨ-ਵਿਵਸਥਾ ਨਹੀਂ ਸਾਂਭੀ ਜਾਂਦੀ ਤਾਂ ਉਨ੍ਹਾਂਨੂੰ ਆਪਣੇ ਪਦ ਤੋਂ ਇਸਤੀਫਾ ਦੇ ਦੇਣਾ ਚਾਹੀਦਾ ਹੈ।ਉਨ੍ਹਾਂਨੇ ਕਿਹਾ ਕਿ ਪਿਛਲੇ ਦੋ ਮਹੀਨੀਆਂ ਵਿੱਚ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਸਮੇਤ ਪੰਜਾਬ ਵਿੱਚ 50 ਤੋਂ ਜਿਆਦਾ ਹੱਤਿਆਵਾਂ ਹੋ ਚੁੱਕਿਆ ਹਨ।ਜਿਨ੍ਹਾਂ ਵਿੱਚ ਪੰਜ ਕਬੱਡੀ ਖਿਡਾਰੀ ਵੀ ਸ਼ਾਮਿਲ ਹਨ।ਅਪਰਾਧੀ ਸਰੇਆਮ ਹੱਤਿਆਵਾਂ,ਲੁੱਟ-ਖਸੁੱਟ ਅਤੇ ਫਿਰੌਤੀ ਵਰਗੀਆਂ ਘਟਨਾਵਾਂ ਨੂੰ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਦੇ ਨੱਕ ਦੇ ਹੇਠਾਂ ਅੰਜਾਮ ਦੇ ਰਹੇ ਹਨ।



# ਪੰਜਾਬ ਸਰਕਾਰ ਤੋਂ ਨਹੀਂ ਸੰਭਲ ਰਹੀ ਕਾਨੂੰਨੀ ਵਿਵਸਥਾ ਇਸਤੀ.ਫ਼ਾ ਦੇਵੇ ਮਾਨ ਸਰਕਾਰ : ਡਾ. ਮਾਣਿਕ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ:-** ਜਿਸ ਦਿਨ ਤੋਂ ਪੰਜਾਬ ਵਿਚ “ਆਪ“ ਪਾਰਟੀ ਦੀ ਮਾਨ ਸਰਕਰਾਰ ਬਣੀ ਹੈ ਉਸ ਦਿਨ ਤੋਂ ਅੱਜ ਤਕ ਪ੍ਰਦੇਸ਼ ਵਿਚ ਕਿਤੇ ਨਾ ਕਿਤੇ ਕਤਲ ਅਤੇ ਦੰਗੇ ਫਸਾਦ ਹੁੰਦੇ ਹੀ ਜਾ ਰਹੇ ਨੇ ਜਿਸ ਦੀ ਜਿੰਮੇਵਾਰੀ ਪੰਜਾਬ ਦੀ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਅਗਵਾਈ ਵਾਲੀ ਸਰਕਾਰ ਦੀ ਹੈ। ਝੂਠ ਅਤੇ ਲਾਰਿਆ ਦੇ ਸਹਾਰੇ ਬਣੀ ਸਰਕਾਰ ਇਸਤੀਫ਼ਾ ਦੇਵੇ। ਇਹ ਪ੍ਰਗਟਾਵਾ ਭਾਜਪਾ ਜਿਲਾ ਪ੍ਰਧਾਨ ਡਾ. ਪੂਨਮ ਮਾਣਿਕ ਨੇ ਕਿੱਤਾ ਅਤੇ ਨਾਲ ਹੀ ਪੰਜਾਬ ਦੇ ਮਸ਼ਹੂਰ ਗਾਇਕ ਸਿੱਧੂ ਮੁਸਸੇਵਾਲਾ ਦੇ ਕਤਲ ਦੇ ਦੁੱਖ ਦਾ ਪ੍ਰਗਟਾਵਾ ਕਿੱਤਾ ਅਤੇ ਕਿਹਾ ਕਿ ਅਸੀਂ ਇਸ ਘਟਨਾ ਦੀ ਨਿਖੇਦੀ ਕਰਦੇ ਹਾਂ ਡਾ. ਮਾਣਿਕ ਨੇ ਕਿਹਾ ਕਿ ਪਹਿਲਾਂ ਵੀ ਇਸੇ ਤਰਾਂ ਨਾਮ ਵਰ ਖਿਲਾੜੀ ਜਿਸ ਦੀ ਗੋਲੀਆਂ ਮਾਰ ਕੇ ਹੱਤਿਆ ਹੋਇ ਅਤੇ ਪਟਿਆਲਾ ਵਿਖੇ ਵੀ ਇਸੇ ਸਰਕਾਰ ਦੇ ਆਉਣ ਤੋਂ ਬਾਅਦ ਕਾਲੀ ਮਾਤਾ ਮੰਦਿਰ ਵਾਲੀ ਘਟਨਾ ਵਾਪਰੀ ਅਤੇ ਪੰਜਾਬ ਵਿਚ ਹੁਣ ਤਾਂ ਕਤਲ,ਲੁੱਟ ਖੋ ਜਿਹੇ ਜੁਰਮ ਰੋਜ਼ਾਨਾ ਵੇਖਣ ਸੁਨਣ ਨੂੰ ਮਿਲ ਰਹੇ ਆ ਅਤੇ ਇਸ ਸਰਕਾਰ ਦੇ ਆਉਣ ਤੋਂ ਬਾਅਦ ਗੈਂਗਸਟਰਾਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਸਿੱਧੂ ਮੂਸੇ ਵਾਲਾ ਦੇ ਕਤਲ ਲਈ 'ਆਪ' ਸਰਕਾਰ ਦੀਆਂ ਗਲਤ ਨੀਤੀਆਂ ਜ਼ਿੰਮੇਵਾਰ ਹਨ - ਇੰਦਰ ਸੇਖੜੀ



**ਬਟਾਲਾ/ਸੁਖਨਾਮ ਸਿੰਘ**

ਪੰਜਾਬੀ ਲੋਕ ਗਾਇਕ ਸਿੱਧੂ ਮੂਸੇ ਵਾਲਾ ਦੇ ਦਿਨ-ਦਿਹਾੜੇ ਹੋਏ ਕਤਲ ਨੇ ਪੰਜਾਬ ਸਰਕਾਰ ਦੀ ਕਾਨੂੰਨ ਵਿਵਸਥਾ 'ਤੇ ਸਵਾਲੀਆ ਨਿਸਾਨ ਲਗਾ ਦਿੱਤਾ ਹੈ। ਪਿਛਲੇ ਕੁਝ ਸਮੇ ਵਿਚ ਸਮਾਜ ਵਿਰੋਧੀ ਅਨਸਰਾਂ ਦੇ ਹੌਸਲੇ ਕਾਫੀ ਬੁਲੰਦ ਹੋ ਗਏ ਹਨ। ਉਹ ਪੰਜਾਬ ਵਿੱਚ ਖੁੱਲ੍ਹੇਆਮ ਖੂਨ ਦੀ ਹੋਲੀ ਖੇਡ ਰਹੇ ਹਨ, ਪਿਛਲੇ ਦਿਨੀਂ ਕਬੱਡੀ ਖਿਡਾਰੀ ਮਾਰਿਆ ਗਿਆ, ਚੰਡੀਗੜ੍ਹ ਵਿੱਚ ਸਰਕਾਰੀ ਦਫਤਰਾਂ 'ਤੇ ਰਾਕੇਟ ਲਾਂਚਰਾਂ ਨੇ ਹਮਲੇ ਕੀਤੇ ਹਨ ਹੁਣ ਸਿੱਧੂ ਮੂਸੇ ਵਾਲਾ ਦਾ ਕਤਲ ਸਾਬਤ ਕਰਦਾ ਹੈ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਖਤਮ ਹੋ ਚੁੱਕੀ ਹੈ। ਭਾਜਪਾ ਆਗੂ ਇੰਦਰ ਸੇਖੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ ਸਮੇਂ ਵਿੱਚ ਪਤਵੰਤਿਆਂ ਤੋਂ ਸੁਰੱਖਿਆ ਵਾਪਸ ਲੈਣਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵੱਡੀ ਭੁੱਲ ਹੈ। ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਵੀਆਈਪੀ ਕਲਚਰ ਨੂੰ ਖਤਮ ਕਰਨਾ ਚਾਹੁੰਦੀ ਹੈ ਤਾਂ ਪੰਜਾਬ ਦੇ 90 ਸੁਰੱਖਿਆ ਮੁਲਾਜਮ ਕੇਜਰੀਵਾਲ ਨੂੰ ਕਿਓ ਦਿੱਤੇ ਰਾਘਵ ਚੱਢਾ ਨੂੰ 45 ਸੁਰੱਖਿਆ ਮੁਲਾਜਮ ਅਤੇ ਮੁੱਖ ਮੰਤਰੀ ਦੇ ਰਿਸਤੇਦਾਰਾਂ ਨੂੰ ਸੁਰੱਖਿਆ ਕਰਮਚਾਰੀ ਕਿਉ ਦਿੱਤੇ ਸਭ ਲਈ ਬਰਾਬਰ ਕਿਉਂ ਹੋਣ ਕਾਨੂੰਨ ਕਾਨੂੰਨ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ ਮੁਖ ਮੰਤਰੀ ਸਾਹਿਬ ਨੂੰ ਵੀ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਪੰਜਾਬ ਵਿਚ ਅੱਤਵਾਦ ਦਾ ਦੌਰ ਬਹੁਤ ਮਾੜਾ ਰਿਹਾ ਹੈ। ਇਸ ਦੌਰਾਨ ਅੱਤਵਾਦੀਆਂ ਨਾਲ ਲੜਨ ਵਾਲਿਆਂ ਦੀ ਸੁਰੱਖਿਆ ਵੀ ਵਾਪਸ ਲੈ ਲਈ ਗਈ ਹੈ। ਅੱਤਵਾਦੀਆਂ ਦੇ ਖਿਲਾਫ ਬੋਲਣ ਵਾਲੇ ਨੇਤਾਵਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ, ਇਹ ਬਹੁਤ ਹੀ ਦੁਖਦਾਈ ਘਟਨਾ ਹੈ ਸਿਆਸਤ ਦਾ ਉਭਰਦਾ ਸਿਤਾਰਾ ਅਤੇ ਲੋਕ ਗਾਇਕ ਸਿੱਧੂ ਮੂਸੇ ਵਾਲਾ, ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਰਿਹਾ, ਇਹ ਸਭ ਪੰਜਾਬ ਦੀ 'ਆਪ' ਸਰਕਾਰ ਦੀ ਨਾਕਾਮੀ ਦਾ ਨਤੀਜਾ ਹੈ।

# ਗੋਡੇ ਤੇ ਚੂਲੇ ਬਦਲਣ ਦੇ ਨਾਲ ਹੁਣ ਸਿਵਲ ਹਸਪਤਾਲ ਬਟਾਲਾ ਵਿੱਚ ਕੂਹਣੀ ਬਦਲਣ ਦਾ ਵੀ ਸਫਲ ਇਲਾਜ ਸ਼ੁਰੂ




**ਬਟਾਲਾ/ਸੁਖਨਾਮ ਸਿੰਘ**

ਆਪਣੀ ਕੂਹਣੀ ਦੀ ਖਰਾਬੀ ਤੋਂ ਪੀੜ੍ਹਤ ਬਟਾਲਾ ਨਿਵਾਸੀ ਨਿਰਮਲਾ ਰਾਣੀ ਨੂੰ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਤੋਂ ਵੱਡੀ ਰਾਹਤ ਮਿਲੀ ਹੈ। ਆਰਥੋ ਦੇ ਮਾਹਿਰ ਡਾ. ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਡਾਕਟਰਾਂ ਦੀ ਟੀਮ ਨੇ ਪਹਿਲੀ ਵਾਰ ਸਿਵਲ ਹਸਪਤਾਲ ਬਟਾਲਾ ਵਿੱਚ ਕੂਹਣੀ ਬਦਲ ਵਿੱਚ ਸਫਲਤਾ ਹਾਸਲ ਕੀਤੀ ਹੈ। ਪੂਰੀ ਤਰਾਂ ਮੁਫ਼ਤ ਹੋਏ ਇਸ ਸਫਲ ਓਪਰੇਸ਼ਨ ਤੋਂ ਮਰੀਜ਼ ਨਿਰਮਲਾ ਰਾਣੀ ਪੂਰੀ ਤਰਾਂ ਸੰਤੁਸ਼ਟ ਅਤੇ ਰਾਹਤ ਵਿੱਚ ਹਨ ਅਤੇ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਲਈ ਧੰਨਵਾਦ ਕੀਤਾ ਹੈ। ਸਿਵਲ ਹਸਪਤਾਲ ਬਟਾਲਾ ਦੇ ਆਰਥੋ ਦੇ ਮਾਹਿਰ ਡਾ. ਹਰਪ੍ਰੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਕੋਲ ਇੱਕ ਮਰੀਜ਼ ਨਿਰਮਲਾ ਰਾਣੀ ਆਪਣੀ ਕੂਹਣੀ ਦੇ ਇਲਾਜ ਲਈ ਆਏ ਸਨ। ਜਾਂਚ ਦੌਰਾਨ ਪਤਾ ਲੱਗਾ ਸੀ ਕਿ ਉਨ੍ਹਾਂ ਦੀ ਕੂਹਣੀ ਪੂਰੀ ਤਰਾਂ ਖਰਾਬ ਹੋ ਚੁੱਕੀ ਸੀ ਅਤੇ ਉਸ ਕੂਹਣੀ ਨੂੰ ਬਦਲਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਕੂਹਣੀ ਬਦਲਣ ਦਾ ਓਪਰੇਸ਼ਨ ਬਹੁਤ ਗੁੰਝਲਦਾਰ ਹੁੰਦਾ ਹੈ ਕਿਉਂਕਿ ਬਾਂਹ ਵਿੱਚ ਬਹੁਤ ਸਾਰੀਆਂ ਨਿੱਕੀਆਂ-ਨਿੱਕੀਆਂ ਨਸਾਂ ਹੁੰਦੀਆਂ ਹਨ। ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਨਾਲ ਡਾ. ਕੁਲਦੀਪ ਸਿੰਘ, ਆਰਥੋ ਡਾਕਟਰ ਸੁਨੀਲ ਕੁਮਾਰ ਅਤੇ ਓ.ਟੀ. ਰਮਨ ਬਾਵਾ ਨੇ ਸਿਵਲ ਹਸਪਤਾਲ ਬਟਾਲਾ ਦੇ ਓਪਰੇਸ਼ਨ ਥੀਏਟਰ ਵਿੱਚ ਮਰੀਜ਼ ਦੀ ਕੂਹਣੀ ਨੂੰ ਬਦਲਣ ਵਿੱਚ ਸਫਲਤਾ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਸਿਵਲ ਹਸਪਤਾਲ ਬਟਾਲਾ ਵਿੱਚ ਕੂਹਣੀ ਬਦਲਣ ਦਾ ਇਹ ਪਹਿਲਾ ਕੇਸ ਸੀ, ਜਦਕਿ ਇਸ ਤੋਂ ਪਹਿਲਾਂ ਏਥੇ ਮਰੀਜ਼ਾਂ ਦੇ ਚੂਲੇ ਅਤੇ ਗੋਡੇ ਬਦਲਣ ਦੇ ਸਫਲ ਓਪਰੇਸ਼ਨ ਕੀਤੇ ਜਾ ਚੁੱਕੇ ਹਨ। ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਮਰੀਜ਼ ਦੀ ਕੂਹਣੀ ਬਦਲਣ ਦਾ ਸਾਰਾ ਇਲਾਜ ਆਯੂਸ਼ਮਾਨ ਭਾਰਤ ਬੀਮਾ ਯੋਜਨਾ ਤਹਿਤ ਬਿਲਕੁਲ ਮੁਫ਼ਤ ਕੀਤਾ ਗਿਆ ਹੈ ਜਦਕਿ ਪ੍ਰਾਈਵੇਟ ਹਸਪਤਾਲ ਵਿੱਚ ਇਹੀ ਇਲਾਜ ਕਰਾਉਣ ਦਾ 1.50 ਲੱਖ ਰੁਪਏ ਖਰਚਾ ਆਉਂਦਾ ਹੈ। ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿਵਲ ਹਸਪਤਾਲ ਬਟਾਲਾ ਵਿੱਚ ਕੂਹਣੀਆਂ, ਗੋਡੇ ਅਤੇ ਚੂਲੇ ਬਦਲਣ ਦੇ ਨਾਲ ਹੱਡੀਆਂ ਦਾ ਇਲਾਜ ਕੀਤਾ ਜਾਂਦਾ ਹੈ। ਮਰੀਜ਼ ਨਿਰਮਲਾ ਰਾਣੀ ਨੇ ਆਪਣੀ ਕੂਹਣੀ ਦੇ ਸਫਲ ਇਲਾਜ ਲਈ ਸਿਵਲ ਹਸਪਤਾਲ ਬਟਾਲਾ ਦੇ ਡਾਕਟਰਾਂ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਲਈ ਧੰਨਵਾਦ ਕੀਤਾ ਹੈ।

# ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਜਲੰਧਰ ਦੇ ਪਿੰਡਾਂ ਦੇ 519 ਲਾਭਪਾਤਰੀਆਂ ਨੂੰ ਮਿਲੀ ਪੱਕੀ ਛੱਤ

**ਜਲੰਧਰ/ਸੰਜੇ ਰਾਜਪੂਤ**

ਹਰੇਕ ਵਿਅਕਤੀ ਦੇ ਸਿਰ 'ਤੇ ਪੱਕੀ ਛੱਤ ਦੇ ਟੀਚੇ ਨੂੰ ਪੂਰਾ ਕਰਨ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਅਧੀਨ ਚੱਲ ਰਹੀ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਅਧੀਨ ਪੱਕੇ ਮਕਾਨਾਂ ਦੀ ਉਸਾਰੀ ਲਈ ਜ਼ਿਲ੍ਹੇ ਦੇ ਪਿੰਡਾਂ 'ਚ 519 ਲਾਭਪਾਤਰੀਆਂ ਨੂੰ 6 ਕਰੋੜ 22 ਲੱਖ 80 ਹਜ਼ਾਰ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਇਹ ਯੋਜਨਾ 1 ਅਪ੍ਰੈਲ 2016 ਤੋਂ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਲਾਭਪਾਤਰੀ ਨੂੰ ਪੱਕੇ ਮਕਾਨ ਦੀ ਉਸਾਰੀ ਲਈ ਕੁੱਲ 1 ਲੱਖ 20 ਹਜ਼ਾਰ ਦੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਮਕਾਨ ਸੈਂਕਸ਼ਨ ਹੋਣ ਤੋਂ ਲੈ ਕੇ ਮੁਕੰਮਲ ਹੋਣ ਤੱਕ ਕ੍ਰਮਵਾਰ 30000, 72000 ਅਤੇ 18000 ਦੀਆਂ ਤਿੰਨ ਕਿਸ਼ਤਾਂ ਵਿੱਚ ਇਹ ਰਾਸ਼ੀ ਸਿੱਧਾ ਲਾਭਪਾਤਰੀ ਦੇ ਬੈਂਕ ਖਾਤੇ ਵਿੱਚ ਤਬਦੀਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਵੱਛ ਭਾਰਤ ਮਿਸ਼ਨ ਤਹਿਤ ਪਖਾਨਾ ਬਣਾਉਣ ਲਈ 12 ਹਜ਼ਾਰ ਰੁਪਏ ਦੀ ਰਕਮ ਦਾ ਲਾਭ ਮਨਰੇਗਾ ਸਕੀਮ ਅਧੀਨ ਦਿੱਤਾ ਜਾਂਦਾ ਹੈ ਅਤੇ ਮਕਾਨ ਦੀ ਉਸਾਰੀ ਕਰਨ ਵਾਲੇ ਲਾਭਪਾਤਰੀ ਨੂੰ 90 ਦਿਨ ਦਾ ਰੋਜ਼ਗਾਰ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪੀ.ਐਮ.ਏ.ਵਾਈ. ਅਧੀਨ ਵਿੱਤੀ ਸਾਲ 2016-17 ਤੋਂ ਵਿੱਤੀ ਸਾਲ 2020-21 ਤੱਕ ਕੁੱਲ 519 ਮਕਾਨ ਮੁਕੰਮਲ ਹੋ ਚੁੱਕੇ ਹਨ।

# ਐਸ.ਸੀ.ਬੀ.ਸੀ ਟੀਚਰਜ਼ ਯੂਨੀਅਨ ਦੀ ਮੀਟਿੰਗ ਦੌਰਾਨ ਅਧਿਆਪਕਾਂ ਨੂੰ ਦਰਪੇਸ਼ ਮੁਸ਼ਕਲਾਂ ਸੰਬੰਧੀ ਹੋਈ ਵਿਚਾਰ ਚਰਚਾ



**ਅੰਮ੍ਰਿਤਸਰ/ਰਾਜਾ ਕੋਟਲੀ**

ਐਸੀ.ਸੀ.,ਬੀ.ਸੀ.ਟੀਚਰਜ ਯੂਨੀਅਨ ਪੰਜਾਬ ਦੀ ਜਿ?ਲਾ ਇਕਾਈ ਅੰਮ੍ਰਿਤਸਰ ਦੀ ਇੱਕ ਹੰਗਾਮੀ ਮੀਟਿੰਗ ਜਿ?ਲ੍ਹਾ ਪ੍ਰਧਾਨ ਧੰਨਾ ਸਿੰਘ ਰਿਆਲੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿੱਚ ਸੂਬਾ ਪ੍ਰਧਾਨ ਬਲ ਕਾਰ ਸਿੰਘ ਸਫਰੀ, ਸੂਬਾ ਸਰਪ੍ਰਸਤ ਕਰਨ ਰਾਜ ਸਿੰਘ ਗਿੱਲ, ਵਿਸੇਸ ਤੌਰ ਤੇ ਸਾਮਲ ਹੋਏ। ਮੀਟਿੰਗ ਵਿਚ ਵਿੱਚ ਹੋਰਨਾਂ ਤੋਂ ਇਲਾਵਾ ਜਿਲ੍ਹਾ ਜਨਰਲ ਸਕੱਤਰ ਅਵਤਾਰ ਸਿੰਘ ਮੱਟੂ, ਸੁਖਰਾਜ ਸਿੰਘ ਮਾਹਲ, ਰਾਜਬੀਰ ਸਿੰਘ,ਗੁਰਚਰਨ ਸਿੰਘ,ਸਤਨਾਮ ਸਿੰਘ ਛੀਨਾ, ਅਸਵਨੀ ਕੁਮਾਰ, ਜਗਜੀਤ ਭਗਤ, ਰਣਜੀਤ ਸਿੰਘ , ਰਿਃ ਪ੍ਰਿੰਸੀਪਲ ਕਾਬਲ ਸਿੰਘ ਦਲਬੀਰ ਸਿੰਘ, ਦਰਸਨ ਲਾਲ ਕਲੋਤਰਾ,ਜੋਗਾ ਸਿੰਘ ਸਾਮਲ ਹੋਏ। ਮੀਟਿੰਗ ਵਿੱਚ ਅਧਿਆਪਕਾਂ ਨੂੰ ਦਰਪੇਸ ਮਸਲਿਆਂ ਉਪਰ ਖੁਲ੍ਹ ਕੇ ਵਿਚਾਰ ਚਰਚਾ ਹੋਈ। ਮੀਟਿੰਗ ਨੇ ਵਿਚਾਰ-ਧਾਰਕ ਸਾਂਝ ਪੈਦਾ ਕਰਨ, ਜਥੇਬੰਦਕ ਏਕਤਾ ਉਪਰ ਜੋਰ ਦੇਣ, ਪ੍ਰਬੰਧਕੀ/ਕਾਨੂੰਨੀ ਅਤੇ ਆਮ ਜਾਣਕਾਰੀ ਸਬੰਧੀ ਜਾਗਰੂਕਤਾ ਪੈਦਾ ਕਰਨ,ਰੋਸਟਰ ਰਜਿਸਟਰ ਅਤੇ ਹੋਰ ਦਫਤਰੀ /ਪ੍ਰਬੰਧਕੀ ਜਾਣਕਾਰੀ ਲਈ ਸੈਮੀਨਾਰ/ਕਾਡਰ ਕੈਂਪ ਆਯੋਜਿਤ ਕਰਨ ਬਾਰੇ ਬਾਰੇ ਸਰਬ ਸੰਮਤੀ ਨਾਲ ਫੈਸਲੇ ਲਏ ਗਏ। ਮੀਟਿੰਗ ਵਲੋਂ ਲਏ ਇੱਕ ਹੋਰ ਫੈਸਲੇ ਅਨੁਸਾਰ ਐਸ.ਸੀ.,ਬੀ.ਸੀ.ਵਰਗ ਨੂੰ ਦਰਪੇਸ ਸਮੱਸਿਆਵਾਂ ਸਬੰਧੀ ਜਥੇਬੰਦੀ ਦਾ ਇੱਕ ਵਫਦ ਮਾਨਯੋਗ ਡਿਪਟੀ ਕਮਿਸਨਰ ਸਾਹਿਬ ਅੰਮ੍ਰਿਤਸਰ ਜੀ ਨੂੰ ਸੋਮਵਾਰ ,30-05-2022 ਨੂੰ ਬਾਅਦ ਦੁਪਹਿਰ 2-00 ਵਜੇ ਮਿਲੇਗਾ।

# ਸਿੱਧੂ ਮੂਸੇਵਾਲੇ ਦੀ ਹੱਤਿਆ 'ਤੇ ਇੰਟਰਨੈਸਨਲ ਲੋਕ ਗਾਇਕ ਕਲਾ ਮੰਚ ਵਲੋਂ ਦੁੱਖ ਦਾ ਪ੍ਰਗਟਾਵਾ

**ਕਪੂਰਥਲਾ/ਪਰਮਜੀਤ ਸੰਨੀ**

ਬਹੁਤ ਹੀ ਮਾੜੀ ਖਬਰ ਸਾਹਮਣੇ ਆਈ ਕਿ ਪੰਜਾਬ ਦੇ ਪ੍ਰਸਿੱਧ ਗਾਇਕ ਅਤੇ ਪੰਜਾਬੀ ਨੌਜਵਾਨ ਪੀੜੀ ਦੇ ਦਿਲਾਂ ਦੀ ਧੜਕਣ ਗਾਇਕ ਸਿੱਧੂ ਮੂਸੇਵਾਲੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਸਿੱਧੂ ਮੂਸੇਵਾਲਾ ਪਿੰਡ ਜਵਾਹਰਕੇ ਮਾਨਸਾ ਆਪਣੀ ਥਾਰ ਗੱਡੀ ਵਿੱਚ ਜਾ ਰਹੇ ਸਨ ਜਿਸ ਸਮੇਂ ਉਹਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੀ ਗਈ। ਇਸ ਖ਼ਬਰ ਦੀ ਪੁਸ਼ਟੀ ਐੱਸਐੱਸਪੀ ਮਾਨਸਾ ਨੇ ਕੀਤੀ ਹੈ। ਅਜੇ ਬੀਤੇ ਦਿਨੀਂ ਸਿੱਧੂ ਮੂਸੇਵਾਲੇ ਦੀ ਸੁਰੱਖਿਆ ਵਾਪਸ ਲਈ ਸੀ ਤੇ ਉਸ ਤੋਂ ਬਾਅਦ ਹੀ ਇਹ ਮਾੜੀ ਘਟਨਾ ਸਾਹਮਣੇ ਆ ਗਈ। ਸਿੱਧੂ ਮੂਸੇਵਾਲੇ ਨੇ ਬਹੁਤ ਥੋੜੇ ਸਮੇਂ ਵਿੱਚ ਹੀ ਪੰਜਾਬੀ ਸੰਗੀਤ ਜਗਤ ਵਿਚ ਵੱਡਾ ਨਾਮ ਹਾਸਲ ਕਰ ਲਿਆ ਸੀ, ਲੋਕਾਂ ਵੱਲੋਂ ਉਹਨਾਂ ਨੂੰ ਬਹੁਤ ਜਿ?ਆਦਾ ਪਿਆਰ ਮਿਲ ਰਿਹਾ ਸੀ ਖਾਸ ਕਰਕੇ ਨੌਜਵਾਨ ਉਹਨਾਂ ਨੂੰ ਬਹੁਤ ਚਾਹੁੰਦੇ ਸਨ। ਸਿੱਧੂ ਮੂਸੇਲਵਾਲੇ ਦੀ ਪੰਜਾਬੀ ਇੰਡਸਟਰੀ ਵਿਚ ਇਕ ਵੱਖਰੀ ਪਹਿਚਾਣ ਸੀ, ਉਹਨਾਂ ਦੀ ਮੌਤ ਨਾਲ ਸਾਡੇ ਪੰਜਾਬੀ ਸੰਗੀਤ ਜਗਤ ਵਿਚ ਬਹੁਤ ਵੱਡਾ ਘਾਟਾ ਪਿਆ। ਇਸ ਦੁੱਖ ਦੀ ਘੜੀ ਵਿਚ ਇੰਟਰਨੈਸਨਲ ਲੋਕ ਗਾਇਕ ਕਲਾ ਮੰਚ ਦੇ ਸਾਰੇ ਮੈਂਬਰਾਂ ਤੇ ਅਹੁਦੇਦਾਰਾਂ ਗਹਿਰੇ ਦੁੱਖ ਪ੍ਰਗਟਾਵਾ ਕੀਤਾ ਗਿਆ ਜਿਹਨਾਂ ਵਿਚ ਇੰਟਰਨੈਸਨਲ ਲੋਕ ਗਾਇਕ ਕਲਾ ਮੰਚ ਦੇ ਪ੍ਰਧਾਨ ਪਰਮਜੀਤ ਸੰਨੀ, ਜੱਸ ਕਾਂਜਲੀ, ਸਤਨਾਮ ਧੰਜਲ, ਮੱਦਨ ਮੱਦੀ, ਜੀ ਸਰਮੀਲਾ, ਗਿੱਲ ਬਲਕਾਰ, ਨਿਸਾਨ ਉੱਚੇਵਾਲਾ, ਜੀ ਗੁਲਜਾਰ, ਮਿਊਜਿ?ਕ ਡਾਇਰੈਕਟਰ ਸੋਨੂੰ ਦ੍ਰਵਿਡ, ਕੇ ਐਸ ਕਰਨ, ਆਰ ਕੌਰ, ਜੈਵੀ ਸਿੰਘ, ਮਿਊਜਿ?ਕ ਡਾਇਰੈਕਟਰ ਹਰਭਜਨ ਹਰੀ, ਬਲਵੀਰ ਸੇਰਪੁਰੀ, ਰਵੀ ਚੀਦਾ, ਜਤਿੰਦਰ ਭੰਡਾਰੀ (ਬੌਬੀ ਯੂ.ਕੇ.), ਰਣਧੀਰ ਧੀਰਾ, ਪੰਮ ਖੁਸ ਅਤੇ ਤਰਲੋਚਨ ਸਿੰਘ ਚਾਹਲ ਆਦਿ ਸਾਮਿਲ ਹਨ।



# ਪਿੰਡ ਚੂਹੇਵਾਲ ਵਿਖੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਜਾਗਰੂਕ ਕੀਤਾ



**ਬਟਾਲਾ/ਸੁਖਨਾਮ ਸਿੰਘ**

ਪਿੰਡਾਂ ਦੇ ਨੰਬਰਦਾਰਾਂ ਅਤੇ ਪੰਚਾਇਤੀ ਨੁਮਾਇੰਦਿਆਂ ਵੱਲੋਂ ਵੀ ਇਸ ਵਾਰ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਮੀਨ ਹੇਠਲੇ ਪਾਣੀ ਦੀ ਬਚਤ ਕੀਤੀ ਜਾ ਸਕੇ। ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫ਼ਾਕ ਦੀਆਂ ਹਦਾਇਤਾਂ ਤਹਿਤ ਨੰਬਰਦਾਰ ਦਲਜੀਤ ਸਿੰਘ ਬਮਰਾਹ ਵੱਲੋਂ ਪਿੰਡ ਚੂਹੇਵਾਲ ਦੀ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਪੰਚਾਇਤ ਸਕੱਤਰ ਹਰਵਿੰਦਰਬੀਰ ਸਿੰਘ ਅਤੇ ਵਿਜੇ ਕੁਮਾਰ ਨੇ ਕੈਂਪ ਵਿਚ ਪਹੁੰਚ ਕੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਦੇ ਫਾਇਦੇ ਦੱਸੇ।

ਪਿੰਡ ਚੂਹੇਵਾਲ ਵਿਖੇ ਲਗਾਏ ਗਏ ਜਾਗਰੂਕਤਾ ਕੈਂਪ ਦੌਰਾਨ ਕਿਸਾਨਾਂ ਨਾਲ ਗੱਲ ਕਰਦਿਆਂ ਨੰਬਰਦਾਰ ਦਲਜੀਤ ਸਿੰਘ ਬਮਰਾਹ ਅਤੇ ਪੰਚਾਇਤ ਸਕੱਤਰ ਹਰਵਿੰਦਰਬੀਰ ਸਿੰਘ ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਪਾਣੀ ਦੀ ਬਚਤ ਲਈ ਬਹੁਤ ਕਾਰਗਰ ਤਕਨੀਕ ਹੈ। ਉਨਾਂ ਕਿਹਾ ਸਿੱਧੀ ਬਿਜਾਈ ਨਾਲ ਝੋਨੇ ਦਾ ਝਾੜ ਪੂਰਾ ਨਿਕਲਦਾ ਹੈ ਅਤੇ ਖੇਤੀ ਖਰਚੇ ਵੀ ਘੱਟਦੇ ਹਨ। ਇਸਦੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਵਿੱਤੀ ਸਹਾਇਤਾ ਵੀ ਦਿੱਤੀ ਜਾਵੇਗੀ। ਉਨ੍ਹਾਂ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਸਿੱਧੀ ਬਿਜਾਈ ਨੂੰ ਤਰਜੀਹ ਦੇਣ। ਨੰਬਰਦਾਰ ਦਲਜੀਤ ਸਿੰਘ ਬਮਰਾਹ ਨੇ ਕਿਹਾ ਕਿ ਹਰ ਕਿਸਾਨ ਨੂੰ ਆਪਣੀ ਜ਼ਮੀਨ ਦੇ 30 ਫੀਸਦੀ ਤੋਂ ਵੱਧ ਦੇ ਰਕਬੇ ਨੂੰ ਝੋਨੇ ਦੀ ਸਿੱਧੀ ਬਿਜਾਈ ਦੇ ਹੇਠ ਜਰੂਰ ਲਿਆਉਣਾ ਚਾਹੀਦਾ ਹੈ।

ਕੈਂਪ ਦੌਰਾਨ ਪਿੰਡ ਦੇ ਨੰਬਰਦਾਰ ਦਲਜੀਤ ਸਿੰਘ ਬਮਰਾਹ ਅਤੇ ਸਮੁੱਚੀ ਪੰਚਾਇਤ ਵੱਲੋਂ ਪੰਚਾਇਤ ਸਕੱਤਰ ਹਰਵਿੰਦਰਬੀਰ ਸਿੰਘ ਅਤੇ ਵਿਜੇ ਕੁਮਾਰ ਨੂੰ ਸਿਰਪਾਓ ਦੇ ਕੇ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨੰਬਰਦਾਰ ਸਤਵੰਤ ਸਿੰਘ, ਸਾਬਕਾ ਸਰਪੰਚ ਅਮਰੀਕ ਸਿੰਘ ਪਨੇਸਰ, ਹਰਵਿੰਦਰ ਸਿੰਘ ਵਿੱਕੀ, ਹਰਪ੍ਰੀਤ ਸਿੰਘ ਬੁਰਸ਼ਾਹ, ਪਾਲ ਸਿੰਘ ਭੁਰਜੀ, ਹਰੀ ਸਿੰਘ ਗਿੱਲ, ਸਤਪਾਲ ਸਿੰਘ ਮਿੱਠੂ, ਮਾਸਟਰ ਗੁਰਵਿੰਦਰ ਸਿੰਘ, ਪੰਚ ਪਰਮਜੀਤ ਸਿੰਘ ਪਨੇਸਰ, ਪਰਮਜੀਤ ਸਿੰਘ ਭੁਰਜੀ, ਸੁਰਜੀਤ ਸਿੰਘ ਪਨੇਸਰ, ਅਰਜਿੰਦਰ ਸਿੰਘ ਭਗਤ, ਬਾਬਾ ਮੰਗਲ ਸਿੰਘ, ਸਰਦੂਲ ਸਿੰਘ ਸਾਬਕਾ ਸਰਪੰਚ, ਬਲਬੀਰ ਸਿੰਘ ਨਾਗੀ, ਗੁਰਜੀਤ ਸਿੰਘ ਹੈਪੀ, ਮਲਕੀਤ ਸਿੰਘ ਮੱਲੀ, ਸਵਰਨ ਸਿੰਘ, ਧਰਮਜੀਤ ਸਿੰਘ, ਗਗਨ ਬੁਰਸ਼ਾਹ ਅਤੇ ਗੁਰਵਿੰਦਰ ਸਿੰਘ ਹੈਰੀ ਤੋਂ ਇਲਾਵਾ ਹੋਰ ਵੀ ਕਿਸਾਨ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਬਹਿਲ ਫਾਰਮ ਤੋਂ ਕੀਤਾ ਸਿੱਧੀ ਬਿਜਾਈ ਦੀ ਜਨਤਕ ਮੁਹਿੰਮ ਦਾ ਆਗਾਜ




**ਗੁਰਦਾਸਪੁਰ-ਨਵਨੀਤ ਕੁਮਾਰ**

ਝੋਨੇ ਦੀ ਸਿੱਧੀ ਬਿਜਾਈ ਸਬੰਧੀ ਮੁਹਿੰਮ ਨੂੰ ਸਿਖਰ ‘ਤੇ ਪਹੁੰਚਾਉਣ ਲਈ ਅੱਜ ਗੁਰਦਾਸਪੁਰ ਜ਼ਿਲ੍ਹੇ ਅੰਦਰ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਦੇ ਖੇਤੀ ਫਾਰਮ ਵਿਖੇ ਪਹੁੰਚ ਕੇ ਜਨਤਕ ਮੁਹਿੰਮ ਦਾ ਆਗਾਜ ਕੀਤਾ ਹੈ। ਇਸ ਤਹਿਤ ਡੀਸੀ ਨੇ ਬਹਿਲ ਫਾਰਮ ਵਿਖੇ ਖੁਦ ਟਰੈਕਟਰ ਚਲਾ ਕੇ ਸਿੱਧੀ ਬਿਜਾਈ ਕੀਤੀ ਅਤੇ ਜ਼ਿਲ੍ਹੇ ਦੇ ਸਮੂਹ ਸਿਆਸੀ ਆਗੂਆਂ, ਪੰਚਾਂ-ਸਰਪੰਚਾਂ ਤੇ ਹੋਰ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਪਾਣੀ ਨੂੰ ਬਚਾਉਣ ਲਈ ਸ਼ੁਰੂ ਕੀਤੀ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਆਪਣਾ ਯੋਗਦਾਨ ਪਾਉਣ। ਇਸ ਮੌਕੇ ਰਮਨ ਬਹਿਲ ਨੇ ਐਲਾਨ ਕੀਤਾ ਕਿ ਉਹ ਆਪਣੇ ਫਾਰਮ ਵਿਚ ਘੱਟੋ ਘੱਟ 10 ਏਕੜ ਖੇਤਾਂ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਨਗੇ। ਬਹਿਲ ਨੇ ਆਪਣੇ ਹਲਕੇ ਦੇ ਸਮੂਹ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਕੁੱਲ ਰਕਬੇ ਦੇ ਘੱਟੋ ਘੱਟ ਇਕ ਤਿਹਾਈ ਹਿੱਸੇ ਵਿਚ ਝੋਨੇ ਦੀ ਸਿੱਧੀ ਬਿਜਾਈ ਜਰੂਰ ਕਰਨ। ਬਹਿਲ ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਦਾ ਕੰਮ ਵੈਸੇ ਤਾਂ 2010 ਵਿਚ ਸ਼ੁਰੂ ਹੋ ਗਿਆ ਸੀ। ਪਰ ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਇਸ ਵਿਧੀ ਨੂੰ ਉਤਸ਼ਾਹਿਤ ਕਰਨ ਦਾ ਉਪਰਾਲਾ ਨਹੀਂ ਕੀਤਾ। ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਗੰਭੀਰਤਾ ਦਿਖਾਉਂਦੇ ਹੋਏ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਦਾ ਵੱਡਾ ਫੈਸਲਾ ਕੀਤਾ ਹੈ। ਇਸ ਮੰਤਵ ਲਈ ਜਿਥੇ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਨਿਰੰਤਰ ਕੰਮ ਕਰਕੇ ਕਿਸਾਨਾਂ ਨੂੰ ਜਾਗਰੂਕ ਕਰ ਰਹੀਆਂ ਹਨ ਉਥੇ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਦੇਣ ਦਾ ਐਲਾਨ ਕੀਤਾ ਹੈ।

# ਡਿਪਸ ਨੌਜਵਾਨ ਪੀੜ੍ਹੀ ਨੂੰ ਸਿਖਾ ਰਿਹਾ ਸਫਲਤਾ ਦਾ ਮੰਤਰ



**ਜਲੰਧਰ/ਸੰਜੇ ਰਾਜਪੂਤ**

ਡਿਪਸਚੇਨ ਜਿੱਥੇ ਪਾਠਕ੍ਰਮ ਪ੍ਰਤੀ ਸਕਾਰਾਤਮਕ ਰਵੱਈਆ ਰੱਖਦਾ ਹੈ, ਉੱਥੇ ਇਹ ਬੱਚਿਆਂ ਨੂੰ ਉਨ੍ਹਾਂ ਸਾਰੇ ਗੁਣਾਂ ਨਾਲ ਨਿਵਾਜਣ ਦੀ ਕੋਸ?ਿਸ ਵੀ ਕਰਦਾ ਹੈ। ਜਿਸ ਨਾਲ ਬਾਅਦ ਵਿੱਚ ਉਹ ਆਪਣੀ ਜਿੰਮੇਵਾਰੀ ਨੂੰ ਬਾਖੂਬੀ ਨਿਭਾ ਸਕੇ। ਇਸ ਸੰਦਰਭ ਵਿੱਚ ਬਲੂਮਿੰਗ ਡੇਲਸ ਸਕੂਲ ਵਿੱਚ ਬੱਚਿਆਂ ਲਈ ਫੋਲਡ ਮਾਈ ਟੀ ਸ਼ਰਟ ਗਤੀਵਿਧੀ ਕਰਵਾਈ ਗਈ। ਇਸ ਵਿੱਚ ਬੱਚਿਆਂ ਨੂੰ ਗੱਤੇ ਦੀ ਫੋਲਡਿੰਗ ਦੀ ਮਦਦ ਨਾਲ ਕੱਪੜੇ ਨੂੰ ਸਹੀ ਢੰਗ ਨਾਲ ਫੋਲਡ ਕਰਨਾ ਸਿਖਾਇਆ ਗਿਆ।

ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕੱਪੜਿਆਂ ਨੂੰ ਕਿਸ ਅਨੁਪਾਤ ਵਿੱਚ ਫੋਲਡ ਕੀਤਾ ਜਾਵੇ ਜਿਵੇਂ ਕਿ ਟੀ-ਸਰਟਾਂ, ਜੀਨਸ, ਪੈਂਟ ਆਦਿ। ਅਧਿਆਪਕਾਂ ਨੇ ਫੋਲਡ ਕਰਦੇ ਸਮੇਂ ਬੱਚਿਆਂ ਨੂੰ ਦੱਸਿਆ ਕਿ ਪਹਿਲਾਂ ਬਾਜੂ ਦੀ ਸਾਈਡ ਫੋਲਡ ਕਰੋ ਅਤੇ ਫਿਰ ਹੇਠਲੇ ਹਿੱਸੇ ਨੂੰ ਫੋਲਡ ਕਰੋ। ਪ੍ਰਿੰਸੀਪਲ ਵਾਨੀ ਸਹਿਗਲ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਗਤੀਵਿਧੀ ਰਾਹੀਂ ਬੱਚਿਆਂ ਨੂੰ ਮੋਟਰ ਅਭਿਆਸ ਕਰਵਾਇਆ ਜਾਂਦਾ ਹੈ . ਇਸ ਦੇ ਨਾਲ-ਨਾਲ ਚੰਗੀ ਸਿੱਖਿਆ ਪ੍ਰਾਪਤ ਕਰਨ ਦੇ ਨਾਲ-ਨਾਲ ਬੱਚੇ ਘਰੇਲੂ ਕੰਮਾਂ ਵਿੱਚ ਵੀ ਰੁਚੀ ਲੈਂਦੇ ਹਨ ਅਤੇ ਉਨ੍ਹਾਂ ਦੇ ਕਾਬਲ ਹੁੰਦੇ ਹਨ। ਇਸ ਤਰ੍ਹਾਂ ਉਹ ਆਪਣੇ ਕੰਮ ਲਈ ਕਿਸੇ ‘ਤੇ ਨਿਰਭਰ ਨਹੀਂ ਰਹਿੰਦਾ ਅਤੇ ਆਪਣੇ ਮਾਤਾ-ਪਿਤਾ ਦੀ ਵੀ ਮਦਦ ਕਰਦਾ ਹੈ।

# ਸਾਲ 202223 ਲਈ ਜੋਨ ਜੋਗਾ ਦੀ ਟੂਰਨਾਮੈਂਟ ਕਮੇਟੀ ਦੀ ਚੋਣ, ਵਿਨੇ ਪ੍ਰਧਾਨ ਤੇ ਵਿਨੋਦ ਕੁਮਾਰ ਸਕੱਤਰ ਚੁਣੇ ਗਏ



**ਜੋਗਾ/ਲੋਕ ਬਾਣੀ**

ਜੋਨ ਜੋਗਾ ਦੀ ਟੂਰਨਾਮੈਂਟ ਕਮੇਟੀ ਦੀ ਚੋਣ ਕਰਨ ਲਈ ਜੋਗਾ ਜੋਨ ਅਧੀਨ ਆਉਂਦੇ ਸਮੂਹ ਸਰੀਰਕ ਸਿੱਖਿਆ ਅਧਿਆਪਕਾਂ ਦੀ ਇਕੱਤਰਤਾ ਸਰਕਾਰੀ ਸੈਕੰਡਰੀ ਸਕੂਲ (ਕੁੜੀਆਂ) ਜੋਗਾ ਵਿਖੇ ਸਕੂਲ ਇੰਚਾਰਜ਼ ਵਿਨੇ ਦੀ ਅਗਵਾਈ ਵਿੱਚ ਕੀਤੀ ਗਈ। ਡੀ.ਐਮ. ਸਪੋਰਟਸ ਗੁਰਦੀਪ ਸਿੰਘ ਅਤੇ ਬੀ.ਐਮ. ਸਪੋਰਟਸ ਬੂਟਾ ਸਿੰਘ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਹੋਈ ਇਸ ਚੋਣ ਵਿੱਚ ਜੋਨ ਜੋਗਾ ਦਾ ਪ੍ਰਧਾਨ ਵਿਨੇ ਅਤੇ ਜੋਨ ਸਕੱਤਰ ਪੀ.ਟੀ.ਆਈ. ਵਿਨੋਦ ਕੁਮਾਰ ਨੂੰ ਚੁਣਿਆ ਗਿਆ। ਪੀ.ਟੀ.ਆਈ. ਵਿਨੋਦ ਕੁਮਾਰ ਨੇ ਦੱਸਿਆ ਕਿ ਸਾਲ 202223 ਲਈ ਚੁਣੀ ਗਈ ਇਸ ਜੋਨਲ ਕਮੇਟੀ ਵਿੱਚ ਪੀ.ਟੀ.ਆਈ. ਦਰਸ਼ਨ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ ਹੈ ਜਦਕਿ ਲੈਕ. ਜਸਵਿੰਦਰ ਕੌਰ, ਲੈਕ. ਸਰਬਜੀਤ ਕੌਰ, ਪੀ.ਟੀ.ਆਈ. ਰਾਜਨਦੀਪ ਸਿੰਘ ਅਤੇ ਡੀ.ਪੀ.ਈ. ਗੁਰਜੀਤ ਸਿੰਘ ਨੂੰ ਜੋਨਲ ਕਮੇਟੀ ਦਾ ਮੈਬਰ ਚੁਣਿਆ ਗਿਆ ਹੈ। ਇਸ ਮੌਕੇ ਸਰੀਰਕ ਸਿੱਖਿਆ ਅਧਿਆਪਕ ਮਨਜੀਤ ਸਿੰਘ ਜਟਾਣਾ, ਪਾਲਾ ਸਿੰਘ, ਸਮਰਜੀਤ ਸਿੰਘ ਬੱਬੀ, ਜਗਸੀਰ ਸਿੰਘ, ਬਲਦੇਵ ਸਿੰਘ, ਮਨਪ੍ਰੀਤ ਸਿੰਘ, ਰਜਿੰਦਰ ਕੁਮਾਰ, ਅਵਤਾਰ ਸਿੰਘ, ਵੀਰਪਾਲ ਕੌਰ, ਗਗਨਦੀਪ ਕੌਰ, ਕਰਮਜੀਤ ਕੌਰ ਅਤੇ ਅਸ਼ੋਕ ਕੁਮਾਰ ਸਮੇਤ ਜੋਨ ਜੋਗਾ ਦੇ ਸਮੂਹ ਸਰੀਰਕ ਸਿੱਖਿਆ ਅਧਿਆਪਕ ਮੌਜੂਦ ਸਨ।